


# ਗੁਰਮੁਖਿ ਮਾਰਗ

ਕਥਾ ਅਤੇ ਵਿਚਾਰ

ਸ਼੍ਰੋਮਣੀ ਕਥਾਕਾਰ

ਸੰਤ ਗਿਆਨੀ ਨਿਰੰਜਨ ਸਿੰਘ ਜੀ

ਲੇਖਕ

ਗਿਆਨੀ ਪ੍ਰਿਤਪਾਲ ਸਿੰਘ ਜੀ

# ਗੁਰਮੁਖਿ ਮਾਰਗ

# GURMUKH MARG

ਕਥਾ ਅਤੇ ਵਿਚਾਰ

**ਸ਼੍ਰੋਮਣੀ ਕਥਾਕਾਰ**

**ਸੰਤ ਗਿਆਨੀ ਨਿਰੰਜਨ ਸਿੰਘ ਜੀ**

ਲੇਖਕ

**ਗਿਆਨੀ ਪ੍ਰਿਤਪਾਲ ਸਿੰਘ ਜੀ**

# ਗੁਰਮੁਖਿ ਮਾਰਗ

ISBN: 978 981 250 310 7
Published in Singapore

Published by
Mighty Minds Publishing Pte Ltd
Tel: (65)6353 5035 • Fax: (65)6353 5414
1003 Bukit Merah Central, #03-12,
Singapore 159836
R e g N o : 1 9 9 8 0 6 4 1 9 Z
Email : mighty@mightyminds.com.sg

**PRINTED BOOK**

**FIRST PRINTED**

November 1969

**Dedicated To**

The 500th Perkash Gurpurab of
Sri Guru Nanak Dev Sahib Ji

**SECOND PRINT**

July 2000

**DIGITAL BOOK VERSION 1**

**PUBLISHED**

May 2025

**Dedicated To**

The 556th Perkash Gurpurab of
Sri Guru Nanak Dev Sahib Ji
5 November 2025

ਇਸ ਪੁਸਤਕ ਵਿੱਚ ਗੁਰਬਾਣੀ ਦਰਜ ਹੈ । ਕਿਰਪਾ ਕਰਕੇ
ਇਸ ਨੂੰ ਪਿਆਰ ਅਤੇ ਸਤਕਾਰ ਨਾਲ ਸੰਭਾਲਣਾ ਜੀ ।

**This book contains Shabads and quotations from Gurbani.
Kindly handle it with care and respect.**

THIS BOOK IS DISTRIBUTED FREE
and is

**STRICTLY NOT FOR SALE.**

ਇਹ ਪੁਸਤਕ ਮੁਫ਼ਤ ਵੰਡੀ ਜਾ ਰਹੀ ਹੈ, ਵੇਚਣ ਲਈ ਨਹੀ ਹੈ । ਇਸ ਪੁਸਤਕ ਦਾ ਮੁੱਲ (ਕੀਮਤ) ਮਾਯਾ ਨਹੀ, ਬਲਕਿ ਪੜ੍ਹ ਕੇ ਆਤਮਿਕ ਗਿਆਨ ਦੀ ਪ੍ਰਾਪਤੀ ਕਰਨਾ ਹੈ । ਕਿਰਪਾ ਕਰ ਕੇ ਆਪਣਾ ਕੀਮਤੀ ਸਮਾਂ ਕੱਢ ਕੇ, ਇਸ ਪੁਸਤਕ ਨੂੰ ਪੜ੍ਹੋ, ਸਮਝੋ ਅਤੇ ਆਪਣੇ ਜੀਵਨ ਵਿਚ ਢਾਲਨ ਦੀ ਕੋਸ਼ਿਸ਼ ਕਰੋ ।

The price of this spiritual guide is not monetary but spiritual. Kindly read, understand and make an attempt to follow the teachings explained in this book.

# OTHER INSPIRING BOOKS
# BY SANT GIANI NARANJAN SINGH JI

Divine Mystic Reflections on Gurmat Book 1

Divine Mystic Reflections on Gurmat Book 2

**ਅਕੱਥ ਕਥਾ**

**ਅਰਦਾਸ ਕਲਾ**

The Miracle of Ardaas
(English translation of **ਅਰਦਾਸ ਕਲਾ**)

**ਜੀਵਨ ਜੁਗਤਿ**

Guide to Spiritual Consciousness
(English translation of **ਜੀਵਨ ਜੁਗਤਿ**)

**ਮੁਕਤਿ ਪੰਥ**

The Path of Liberation
(English translation of **ਮੁਕਤਿ ਪੰਥ**)

For details, kindly visit the following website :
**GuruNanakAshram.com**

# ਪ੍ਰਕਾਸ਼ਕ ਦਾ ਨੋਟ

ਸੰਤ ਗਿਆਨੀ ਨਿਰੰਜਨ ਸਿੰਘ ਜੀ ਇੱਕ ਧਾਰਮਿਕ ਪ੍ਰਕਾਸ਼ਨ ਕੇਂਦਰ, ਜਿਸਦਾ ਨਾਮ "ਹੋਲੀ ਸਤਸੰਗ" ਸੀ, ਗੁਰੂ ਨਾਨਕ ਆਸ਼੍ਰਮ, ਪਟਿਆਲਾ ਤੋਂ ਚਲਾਇਆ ਕਰਦੇ ਸਨ । "ਹੋਲੀ ਸਤਸੰਗ" ਗੁਰ-ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਸੀ ।

ਇਹ ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ਜੋ ਪਹਿਲੀ ਵਾਰ ੧੯੬੯ ਵਿੱਚ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ੫੦੦ ਸਾਲਾ ਪ੍ਰਕਾਸ਼ ਗੁਰਪੁਰਬ ਤੇ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਕਿਤਾਬ ਦੀ ਡਿਜੀਟਲ ਸੰਸਕਰਣ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ੫੫੬ ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹੈ, ਜੋ ੫ ਨਵੰਬਰ ੨੦੨੫ ਨੂੰ ਹੈ ।

ਅਸੀਂ ਮਾਤਾ ਸੁਰਜੀਤ ਕੌਰ ਜੀ (ਸੰਤ ਗਿਆਨੀ ਨਿਰੰਜਨ ਸਿੰਘ ਜੀ ਦੀ ਧਰਮ ਦੀ ਪੁੱਤਰੀ) ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਸ ਕਿਤਾਬ ਨੂੰ ਸੰਗਤਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ ।

ਜੋ ਵੀ ਇਸ ਐਡੀਸ਼ਨ ਵਿੱਚ ਟਾਇਪ-ਸੈਟੀਙ ਜਾਂ ਹੋਰ ਗਲਤੀਆਂ ਹਨ, ਉਹਨਾਂ ਦੇ ਅਸੀਂ ਆਪ ਜੀ ਅੱਗੇ ਨਿਮਰਤਾ ਸਹਿਤ ਖਿਮਾ ਦੇ ਜਾਚਕ ਹਾਂ ਅਤੇ ਮੁਆਫੀ ਮੰਗਦੇ ਹਾਂ ।

ਕਿਰਪਾ ਕਰਕੇ, ਇਨ੍ਹਾਂ ਬਾਰੇ ਆਪ ਜੀ ਸਾਨੂੰ ਦੱਸੋ ਈ-ਮੇਲ ਰਾਹੀਂ : contact@gurunanakashram.com

# ਤੱਤਕਰਾ

ਮੰਗਲਾਚਰਣ......................................................੨
ਵਿਸ਼ਵ ਸ਼ਾਂਤੀ ਲਈ ਅਰਦਾਸ.......................................੩
ਸ਼੍ਰੋਮਣੀ ਕਥਾਕਾਰ ਸੰਤ ਗਿਆਨੀ ਨਿਰੰਜਨ ਸਿੰਘ ਜੀ...............੪
ਭੂਮਿਕਾ.........................................................੭
ਕਲਜੁਗ ਕੀ ਹੈ ?...............................................੧੩
ਭਾਉ ਭਗਤ ਤੇ ਸਤਸੰਗਤਿ....................................੨੪
ਅਰਦਾਸ ਤੇ ਪੂਰਣਤਾ.........................................੩੬
ਕਲੇਸ਼ ਦਾ ਮੂਲ ਕਾਰਨ........................................੪੪
ਦ੍ਰਿਸ਼ਟੀ ਦੀ ਸ੍ਰਿਸ਼ਟੀ.............................................੫੨
ਸ਼ਬਦ ਰਹੱਸ ਤੇ ਮਨ ਦੀ ਦੌੜ...................................੬੪
ਮੂਲ ਮੰਤ੍ਰ ਦਾ ਰਹੱਸ............................................੭੫
ਸਿੱਖੀ ਤੇ ਕਥਾ ਕੀਰਤਨ.......................................੯੬
ਸਾਧਨ ਤੇ ਬਖਸ਼ਿਸ਼...........................................੧੦੦
ਤਤ ਸਤਿ ਤੇ ਗਿਆਨ-ਧਿਆਨ................................੧੦੪
ਨਦਰ ਕਰਮ ਤਥਾ ਤੀਸਰੀ ਅੱਖ ਦਾ ਖੁਲ੍ਹਣਾ.......................116
ਭਾਈ ਗੁਰਦਾਸ ਜੀ ਦੀਆਂ ਵਾਰਾਂ.................................134

ੴ

ਸਤਿਗੁਰ ਪ੍ਰਸਾਦਿ ॥

# ਵਿਸ਼ਵ ਸ਼ਾਂਤੀ ਲਈ ਅਰਦਾਸ

ਸਲੋਕ ਮ: ੩ ॥

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥


ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥

O Lord, please shower your Mercy on the world
which is burning in the fire of vices.
Save it by whatever means it takes.
The True Guru has shown that the way to peace
is by contemplating the True Shabad.
Nanak, there is no one else
(who can save this world)
other than the Forgiving Lord.

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਸ਼੍ਰੋਮਣੀ ਕਥਾਕਾਰ
# ਸੰਤ ਗਿਆਨੀ ਨਿਰੰਜਨ ਸਿੰਘ ਜੀ



ਸੰਤ ਗਿਆਨੀ ਨਿਰੰਜਨ ਸਿੰਘ ਜੀ ਗੁਰਮਤਿ ਦੇ ਇਕ ਉੱਘੇ ਵਿਆਖਿਆਕਾਰ ਅਤੇ ਨਾਮ ਅਭਿਆਸੀ ਪੁਰਸ਼ ਹਨ ।

ਬਚਪਨ ਤੋਂ ਹੀ ਆਪ ਨੂੰ ਨਾਮ-ਪ੍ਰਾਪਤੀ ਦੀ ਅਭਲਾਸ਼ਾ ਜਾਗੀ । ਆਪਣੀ ਮਾਤਾ ਪਾਸੋਂ ਆਪ ਨੂੰ ਨਾਮ ਚੇਸ਼ਟਾ ਦਾ ਵਿਰਸਾ ਮਿਲਿਆ ।

ਵਖ ਵਖ ਧਰਮਾਂ ਅਤੇ ਫਲਸਫਿਆਂ ਦੇ ਤੁਲਨਾਤਮਕ ਅਧਿਐਨ ਦੇ ਮੁਢਲੇ ਸ਼ੌਂਕ ਨੇ ਆਪ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ, ਅੰਗਰੇਜ਼ੀ ਆਦਿ ਜ਼ਬਾਨਾਂ ਦੀ ਚੰਗੀ ਜਾਣਕਾਰੀ ਕਰਾਈ ।

ਸ਼ਾਸਤਰ ਅਤੇ ਸ਼ਸਤਰ ਆਪ ਦਾ ਸ਼ਿੰਗਾਰ ਹਨ ।

ਆਪ ਦੇ ਜੀਵਨ ਦਾ ਆਦਰਸ਼ ਹੇ :

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਆਦਰਸ਼ ਦੀ ਧੂਹ ਅਤੇ ਗੁਰੂ ਸੰਗਤਾਂ ਦਾ ਪਿਆਰ ਆਪ ਨੂੰ ਵਖ ਵਖ ਸ਼ਹਿਰਾਂ, ਗਰਾਮਾਂ ਅਤੇ ਬਦੇਸ਼ਾਂ ਵਿਚ ਲੈ ਜਾਂਦਾ ਹੈ ।

ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਗੁਰੂ ਅਸੂਲਾਂ ਨੂੰ ਅਮਲੀ ਜਾਂਮਾ ਪਹਿਨਾਣ ਲਈ ਗੁਰੂ ਨਾਨਕ ਆਸ਼ਰਮ, ਪਟਿਆਲਾ ਆਪ ਦੀ ਪ੍ਰਯੋਗਸ਼ਾਲਾ ਹੈ ।

ਇਹ ਆਸ਼ਰਮ ਇਕ ਕੇਂਦਰ ਵੀ ਹੈ ਜਿਥੋਂ "ਹੋਲੀ ਸਤਸੰਗ" ਦੇ ਨਾਮ ਹੇਠ ਗੁਰ-ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ । ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ।

ਗਿਆਨੀ ਪ੍ਰਿਤਪਾਲ ਸਿੰਘ ਜੀ ਨੇ ਸੰਤ ਜੀ ਦੀ ਇਹ ਸੰਖੇਪ ਜੀਵਨੀ ੧੯੯੨ ਵਿੱਚ ਲਿੱਖੀ ਸੀ ।

# ਭੂਮਿਕਾ

ਗਿਆਨੀ ਪ੍ਰਿਤਪਾਲ ਸਿੰਘ ਜੀ

ਪਰਮ ਆਦਰਣੀ ਸਾਧੂ ਟੀ. ਐਲ ਵਾਸਵਾਨੀ, ਜਿਨ੍ਹਾਂ ਦੇ ਨਾਮ ਤੋਂ ਭਾਰਤ ਦੇ ਸੂਝਵਾਨ ਪੁਰਸ਼ ਭਲੀ ਪ੍ਰਕਾਰ ਜਾਣੂ ਹਨ, ਆਪਣੀ ਅੰਗਰੇਜ਼ੀ ਦੀ ਪੁਸਤਕ "A Prophet of the people" (ਜਨਤਾ ਦਾ ਅਵਤਾਰ) ਵਿੱਚ ਲਿਖਦੇ ਹਨ ਕਿ ਉਨ੍ਹਾਂ ਲਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਇਕ ਨਗ਼ਮਾ ਹਨ, ਇਕ ਸੰਗੀਤ ਹਨ ਜੋ ਅੰਦਰ ਸਹਾਰਾ ਦੇਂਦੇ ਹਨ; ਨਾਮ ਦਾ ਰੰਗ ਦੇਂਦੇ ਹਨ; ਨਿਰਾਸੇ ਦਿਲਾਂ ਦੇ ਢਾਰਸ ਹਨ; ਦੁਖਿਆਂ ਦੀ ਚੀਖ਼ ਪੁਕਾਰ ਦੇ ਸੁਣਵਾਈ ਹਨ; ਸਚਖੰਡ ਨੂੰ ਲੈ ਜਾਣ ਵਾਲੇ ਉਜਾਲਾ ਹਨ ਅਤੇ ਸ਼ਾਂਤੀ ਤਥਾ ਅਨੰਦ ਦੇ ਦਾਤੇ ਹਨ। ਉਨ੍ਹਾਂ ਦੇ ਸ਼ਬਦ ਹਨ:

"Nanak is, to me not a metaphysic or philosophy, not a theory or a creed: Nanak is a Song: a Song of hope to me, a homeless exile in my homeland. A song of hope in my

pilgrimage to that Shrine of God, where is my true Home, -that Satyaloka, where the Blessed Ones abide in peace & joy.

The Song of Nanak blesseth him who meditates on the Name, the word of God: for such an one hath hope.

The song of Nanak blesseth him who hath sorrow in his heart: for such an one shall have hope.

The Song of Nanak blesseth them who trust in God and cry to him for help & strength: for such men, even in the darkest hour, shall have hope. And they shall enter into the Communication of love whose service is freedom, is peace, is joy."

ਇਸ ਜਗਤ ਵਿੱਚ ਕੌਣ ਹੈ ਜਿਸ ਨੂੰ ਕਦੀ ਨਾ ਕਦੀ ਨਿਰਾਸਤਾ ਦਾ ਮੂੰਹ ਨਹੀਂ ਦੇਖਣਾ ਪੈਂਦਾ ਅਤੇ ਢਾਰਸ ਦੀ ਲੋੜ ਨਹੀਂ ਹੁੰਦੀ ? ਜਿਸ ਨੂੰ ਕਦੀ ਨਾ ਕਦੀ ਮੁਸ਼ਕਲਾਂ ਨਹੀਂ ਆ ਘੇਰਦੀਆਂ ਅਤੇ ਸਹਾਇਤਾ ਵਾਸਤੇ ਅੰਦਰਲਾ ਚੀਖ ਪੁਕਾਰ ਨਹੀਂ ਕਰਦਾ ? ਜਿਸ ਨੂੰ ਭੁਲੇਖੇ ਜਾਂ ਧੋਖੇ,

ਪਰੇਸ਼ਾਨੀਆਂ ਅਤੇ ਝਮੇਲੇ ਨਹੀਂ ਆ ਪੈਂਦੇ ਅਤੇ ਉਹ ਇਨ੍ਹਾਂ ਤੋਂ ਛੁਟਕਾਰਾ ਅਤੇ ਸ਼ਾਤੀ ਤਥਾ ਖ਼ੁਸ਼ੀ ਨਹੀਂ ਚਾਹੁੰਦਾ ?

ਜਿਸ ਕਿਸੇ ਦੀ ਐਸੀ ਦਸ਼ਾ ਹੈ, ਜਿਸ ਕਿਸੇ ਦਾ ਐਸਾ ਤਜਰਬਾ ਹੈ, ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਲੋੜ ਹੈ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਵਿਚਾਰਾਂ ਦੀ ਲੋੜ ਹੈ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਦੀ ਲੋੜ ਹੈ ।

ਇਹ ਪੁਸਤਕ ਇਸ ਲੋੜ ਨੂੰ ਕੁਝ ਕੁ ਪੂਰਾ ਕਰਨ ਦਾ ਇਕ ਨਿਮਾਣਾ ਜਤਨ ਹੈ । ਇਸ ਵਿੱਚ ਉਹ ਵਿਚਾਰ ਦਰਜ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਜੀਵਨ ਕਥਾ ਦੇ ਸਤਸੰਗਾਂ ਵਿਖੇ ਗੁਰ-ਆਸ਼ੇ ਦੀ ਸਪਸ਼ਟਤਾ ਸੰਬੰਧੀ, ਸ੍ਰੀਮਾਨ ਸੰਤ ਗਿਆਨੀ ਨਿਰੰਜਨ ਸਿੰਘ ਜੀ (ਪਟਿਆਲਾ) ਨੂੰ ਅੰਤਰ, ਇਕਚਿਤ ਦਸ਼ਾ ਸਮੇਂ, ਸਫੁਰ ਹੋਇ । ਇਹ ਸਾਰੀ ਕਥਾ ਦੇ ਸਾਰੇ ਵਿਚਾਰ ਨਹੀਂ, ਬਲਕਿ ਚੰਦ ਦਿਨਾਂ ਦੀ ਕਥਾ ਦੇ ਚੋਣਵੇਂ ਵਿਚਾਰ ਹਨ ਜੋ ਦਾਸ ਨੂੰ ਕਦੇ-ਕਦੇ ਸੁਣਨ ਦਾ ਮੌਕਾ ਮਿਲਿਆ ।

ਚਾਲੂ ਸਾਲ, ੧੯੬੯ ਈ:, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ੫੦੦ ਸਾਲਾ ਪ੍ਰਕਾਸ਼ ਗੁਰਪੁਰਬ ਹੈ । ਇਸ ਪੁਰਬ ਨੂੰ ਢੁਕਵੀਂ ਆਨ-ਸ਼ਾਨ ਨਾਲ ਮਨਾਉਣ ਲਈ, ਗੁਰੂ ਨਾਨਕ ਆਸ਼ਰਮ(ਪਟਿਆਲਾ) ਵਿੱਖੇ, ੫੬੨ ਸ੍ਰੀ ਅਖੰਡ ਪਾਠ ਸਾਹਿਬ ਕੀਤੇ ਗਏ ਹਨ । ਅਖੱਰ ਅਖੱਰ ਦਾ ਨਿਸ਼ਕਾਮ ਪਾਠ, ਜਾਪੁ ਹੋਇਆ ਤੇ ਸਾਰੇ ਭਾਰਤ ਤੋਂ ਸੰਗਤਾਂ ਨੇ ਆ ਕੇ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੇ ਵਿਚਾਰ ਸੁਣੇ । ਅਤੁਟ ਲੰਗਰ ਤੇ ਸ਼ਬਦ ਦਾ ਲੰਗਰ ਵੀ ਚਲਿਆ । ਐਸਾ ਲੱਗਦਾ ਸੀ ਕਿ ਗੁਰੂ ਨਾਨਕ ਆਸ਼ਰਮ ਦੀ ਸਾਰੀ ਧਰਤੀ "ਨਾਨਕ ਮਈ" ਹੋਈ ਪਈ ਹੈ ।

> ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥
>
> ~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਚੂੰਕਿ ਸਤਸੰਗਾਂ ਵਿੱਚ ਇਹਨਾਂ ਵਿਚਾਰਾਂ ਨੇ ਸ੍ਰੋਤਿਆਂ ਪੁਰ ਇਕ ਗਹਿਰਾ ਅਸਰ ਪਾਇਆ ਅਤੇ ਉੱਚ ਰੁਚੀਆਂ ਉਭਾਰਨ ਵਿੱਚ ਸਹਾਈ ਹੋਇ, ਇਸ ਲਈ ਉਚਿਤ

ਸਮਝਿਆ ਗਿਆ ਕਿ ਇਹ ਸੰਪਾਦਨ ਕਰਕੇ ਲਿਖਤ ਰੂਪ ਵਿੱਚ ਸੰਗਤਾਂ ਦੀ ਭੇਟ ਕੀਤੇ ਜਾਣ ਤਾਕਿ ਸੰਗਤਾਂ ਇਹਨਾਂ ਵਿਚਾਰਾਂ ਤੋਂ ਲੰਮੇਰੇ ਚਿਰ ਲਈ ਲਾਭ ਉਠਾ ਸਕਣ ।

ੴ

ਸਤਿਗੁਰ ਪ੍ਰਸਾਦਿ ॥

ਗੁਰਮੁਖਿ ਮਾਰਗ ਧੰਨੁ ਹੈ
ਸਾਧਸੰਗਤਿ ਮਿਲਿ ਸੰਗੁ ਚਲਾਇਆ ।
ਧੰਨੁ ਧੰਨੁ ਸਤਿਗੁਰ ਚਰਣ
ਧੰਨੁ ਮਸਤਕੁ ਗੁਰ ਚਰਣੀ ਲਾਇਆ ।

~ ਭਾਈ ਗੁਰਦਾਸ ਜੀ ~

# ਕਲਜੁਗ ਕੀ ਹੈ ?

ਕਲਜੁਗ ਸਮੇਂ ਦੀ ਵੰਡ ਦਾ ਨਾਮ ਹੈ ਅਤੇ ਕਲਜੁਗ ਬਿਰਤੀ ਦਾ ਵੀ ਨਾਮ ਹੈ ।

ਸਮੇਂ ਨੂੰ ਚੌਂਹ ਜੁਗਾਂ ਵਿੱਚ ਵੰਡਿਆ ਗਿਆ ਹੈ: ਸਤਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ।
ਹਰ ਜੁਗ ਵਿੱਚ ਮਨੁੱਖ ਦੀ ਆਯੂ ਦਾ ਇਕ ਮਾਪ ਜਾਂ standard ਰਿਹਾ ਹੈ ਅਤੇ ਹਰ ਜੁਗ ਦਾ ਇਕ ਪਰਵਾਨ ਸਾਧਨ ਪੱਖ ਰਿਹਾ ਹੈ । ਜੁਗ ਦੇ ਬਦਲਣ ਨਾਲ ਆਯੂ ਦਾ ਮਾਪ ਬਦਲ ਗਿਆ ਅਤੇ ਨਾਲ ਹੀ ਸਾਧਨ ਪੱਖ ਵੀ ਬਦਲ ਗਿਆ ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਸਤਜੁਗ ਵਿੱਚ ਮਨੁੱਖ ਦੀ ਆਯੂ ਲੱਖ ਬਰਸਾਂ ਦੀ ਹੁੰਦੀ ਸੀ; ਲੋਕ ਸਾਦਗੀ ਪਸੰਦ ਸੀ, ਕੋਈ ਕੋਠਾ ਮਕਾਨ ਨਹੀਂ ਸੀ ਪਾਉਂਦਾ ਅਤੇ ਸਤਵਾਦੀ ਸਨ ।

ਜੁਗ ਪਲਟਿਆ । ਤ੍ਰੇਤਾ ਜੁਗ ਆਇਆ । ਮਨੁੱਖ ਦੀ ਆਯੂ ਘਟ ਕੇ ਦਸ ਹਜ਼ਾਰ ਬਰਸ ਹੋ ਗਈ । ਇਸ ਜੁਗ ਦਾ ਸਾਧਨ ਪੱਖ ਯਗ ਸੀ । ਬੜੇ ਬੜੇ ਯਗ ਕਰਨੇ ਤੇ ਕਰਾਨੇ, ਬੇਅੰਤ ਸਾਮਗ੍ਰੀ ਅਤੇ ਹੋਰ ਕਈ ਕਿਸਮ ਦੀ ਆਹੂਤੀ ਦਿਤੀ ਜਾਣੀ । ਇਸ ਜੁਗ ਵਿੱਚ ਰਾਮ ਭਗਵਾਨ ਦੇ ਸਿਧਾਂਤ ਦਾ ਰਾਜ ਸੀ ।

ਫੇਰ ਦੁਆਪਰ ਜੁਗ ਆਇਆ । ਮਨੁੱਖ ਦੀ ਆਯੂ ਹੋਰ ਘਟ ਕੇ ਇਕ ਹਜ਼ਾਰ ਬਰਸ ਹੋ ਗਈ । ਮੂਰਤੀ ਪੂਜਾ, ਪੁਸ਼ਪ ਭੇਟਾ ਆਦਿ ਇਸ ਸਮੇਂ ਵਿੱਚ ਪਰਵਾਨ ਸਾਧਨ ਮੰਨੇ ਗਏ । ਕ੍ਰਿਸ਼ਨ ਭਗਵਾਨ ਇਸ ਸਮੇਂ ਦੇ ਸ਼ਰੋਮਣੀ ਆਗੂ ਮੰਨੇ ਗਏ ਅਤੇ ਇਨ੍ਹਾਂ ਦੇ ਸਿਧਾਂਤ ਦਾ ਸਮੇਂ ਪੁਰ ਪਹਿਰਾ ਸੀ ।

ਵਰਤਮਾਨ ਜੁਗ ਕਲਜੁਗ ਹੈ । ਮਨੁਖ ਦੀ ਆਯੂ ਹੋਰ ਘਟ ਕੇ ਇਕ ਸੌ ਬਰਸ ਮੰਨੀ ਗਈ ਹੈ ।

ਕਲਜੁਗ ਦਾ ਸਾਧਨ ਪੱਖ ਕੇਵਲ ਨਾਮ ਭਗਤੀ ਹੈ ਅਤੇ ਰਾਜ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਹੈ, ਭਾਵ ਇਨ੍ਹਾਂ ਦੇ ਸਿਧਾਂਤ ਦਾ ਪਹਿਰਾ ਹੈ ।

ਭਾਈ ਗੁਰਦਾਸ ਜੀ ਲਿਖਦੇ ਹਨ:

ਕਲਿਜੁਗ ਕੀ ਸੁਣ ਸਾਧਨਾ
ਕਰਮ ਕਿਰਤ ਕੀ ਚਲੈ ਨਾ ਕਾਈ ।
ਬਿਨਾ ਭਜਨ ਭਗਵਾਨ ਕੇ
ਭਾਉ ਭਗਤਿ ਬਿਨ ਠੌਰ ਨਾ ਥਾਈ ।

~ ਭਾਈ ਗੁਰਦਾਸ ਜੀ ~

| | ਮਨੁੱਖ ਦੀ ਆਯੂ | ਸਾਧਨ ਪੱਖ |
|---|---|---|
| ਸਤਜੁਗ | 100,000 | ਲੋਕ ਸਾਦਗੀ ਪਸੰਦ ਸੀ, ਕੋਈ ਕੋਠਾ ਮਕਾਨ ਨਹੀਂ ਸੀ ਪਾਉਂਦਾ ਅਤੇ ਸਤਵਾਦੀ ਸਨ । |
| ਤ੍ਰੇਤਾ | 10,000 | ਇਸ ਜੁਗ ਦਾ ਸਾਧਨ ਪੱਖ ਯਗ ਸੀ । ਬੜੇ ਬੜੇ ਯਗ ਕਰਨੇ ਤੇ ਕਰਾਨੇ, ਬੇਅੰਤ ਸਾਮਗ੍ਰੀ ਅਤੇ ਹੋਰ ਕਈ ਕਿਸਮ ਦੀ ਆਹੂਤੀ ਦਿਤੀ ਜਾਣੀ । ਇਸ ਜੁਗ ਵਿੱਚ ਰਾਮ ਭਗਵਾਨ ਦੇ ਸਿਧਾਂਤ ਦਾ ਰਾਜ ਸੀ । |
| ਦੁਆਪਰ | 1000 | ਮੂਰਤੀ ਪੂਜਾ, ਪੁਸ਼ਪ ਭੇਟਾ ਆਦਿ ਇਸ ਸਮੇਂ ਵਿੱਚ ਪਰਵਾਨ ਸਾਧਨ ਮੰਨੇ ਗਏ । ਕ੍ਰਿਸ਼ਨ ਭਗਵਾਨ ਇਸ ਸਮੇਂ ਦੇ ਸ਼ਰੋਮਣੀ ਆਗੂ ਮੰਨੇ ਗਏ ਅਤੇ ਇਨ੍ਹਾਂ ਦੇ ਸਿਧਾਂਤ ਦਾ ਸਮੇਂ ਪੁਰ ਪਹਿਰਾ ਸੀ । |
| ਕਲਜੁਗ | 100 | ਕਲਜੁਗ ਦਾ ਸਾਧਨ ਪੱਖ ਕੇਵਲ ਨਾਮ ਭਗਤੀ ਹੈ ਅਤੇ ਰਾਜ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਹੈ, ਭਾਵ ਇਨ੍ਹਾਂ ਦੇ ਸਿਧਾਂਤ ਦਾ ਪਹਿਰਾ ਹੈ । |

ਕਲਜੁਗ ਅਤੇ ਸਤਜੁਗ ਇਨਸਾਨ ਦੀ ਬਿਰਥੀ ਵਿੱਚ ਵੀ ਹਨ – ਇਹਨਾਂ ਦਾ ਸੰਬੰਧ ਮਨੁਖ ਦੇ ਲੱਛਨਾਂ ਨਾਲ ਹੈ। ਜਿਸ ਕਰਕੇ ਕਾਮ, ਕ੍ਰੋਧ, ਝੂਠ, ਝਗੜਾ, ਕਲੇਸ਼, ਕਲਪਣਾ ਅਤੇ ਖਿੰਡਾਓ ਵਧੇ, ਉਥੇ ਕਲਜੁਗ ਦਾ ਪਰਵੇਸ਼ ਹੈ।

ਜਿਸ ਕਰਕੇ ਸਤਸੰਗ, ਟਿਕਾਓ, ਨਾਮ, ਭਗਤੀ, ਸਤ ਅਤੇ ਸੰਤੋਖ ਵਿੱਚ ਵਾਧਾ ਹੋਵੇ, ਉਥੇ ਸਤਜੁਗ ਦਾ ਵਰਤਾਓ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ, ਜਿਨ੍ਹਾਂ ਦਾ ਸਿਧਾਂਤ ਇਸ ਜੁਗ ਵਿੱਚ ਪਰਮਾਨੀਕ ਮੰਨਿਆ ਗਿਆ ਹੈ, ਦਾ ਮੱਤ ਇਹਨਾਂ ਦੋ ਚਾਰ ਗੱਲਾਂ ਵਿੱਚ ਆ ਜਾਂਦਾ ਹੈ:

੧. ਮੂਲ ਮੰਤ੍ਰ : ਇਹ ਗੁਰੂ ਸਾਹਿਬ ਜੀ ਦੇ ਸਿਧਾਂਤ ਦਾ ਨਿਚੋੜ ਹੈ। ਇਸ ਨੂੰ ਸਮਝਣ ਅਤੇ ਅਪਣਾਨ ਵਿੱਚ ਜ਼ਿੰਦਗੀ ਦੀ ਸਫਲਤਾ ਦੀ ਕੁੰਜੀ ਹੈ।

੨. **ਸਰਬਤ ਦਾ ਭਲਾ ਚਾਹੁਣਾ** : ਇਹ ਜੀਵਨ ਦੇ ਵਰਤਾਵੇ ਦਾ ਇਕ ਉੱਘਾ ਅੰਗ ਹੈ। ਜੋ ਸਭ ਦਾ ਭਲਾ ਮੰਗਦਾ ਹੈ, ਉਸ ਦਾ ਆਪਣਾ ਵੀ ਭਲਾ ਹੁੰਦਾ ਹੈ।

੩. **ਨਾਮ, ਦਾਨ, ਇਸ਼ਨਾਨ ਤੇ ਕਿਰਤ** : ਇਹ ਸਾਧਨ ਪੱਖ ਦੇ ਮੋਟੇ-ਮੋਟੇ ਅੰਗ ਹਨ। ਇਕੱਲਾ ਨਾਮ ਨਹੀਂ ਮੰਨਿਆ ਗਿਆ, ਕਿਰਤ ਵੀ ਜ਼ਰੂਰੀ ਹੈ। ਕਿਸੇ ਉੱਪਰ ਆਪਣਾ ਭਾਰ ਪਾਉਣਾ ਦਰੁਸਤ ਨਹੀਂ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੀ ਆਖ਼ਰੀ ਅਵਸਥਾ ਵਿੱਚ ਕਰਤਾਰਪੁਰ ਵਿਖੇ ਹੱਲ ਵਾਹਿਆ। ਉਦਾਸੀਆਂ ਵਾਲਾ ਭੇਸ ਉਤਾਰ ਕੇ ਮੁੜ ਗ੍ਰਹਸਤੀਆਂ ਵਾਲਾ ਪਾਇਆ। ਇਹ ਇਕ ਨਵਾਂ ਖਿਆਲ ਸੀ ਜਿਸ ਪੁਰ ਜੋਗੀਆਂ ਆਦਿ ਨੇ ਇਤਰਾਜ਼ ਵੀ ਕੀਤਾ। ਪਰ ਯਾਦ ਰਹੇ ਕਿਰਤ ਤੋਂ ਮੁਰਾਦ ਇਹ ਨਹੀਂ ਕਿ ਨਿਰੀ

ਮਾਇਆ ਇੱਕਤ੍ਰ ਕਰਨ ਵਿੱਚ ਹੀ ਲਗੇ ਰਹਿਣਾ ਅਤੇ ਇਸੇ ਲਈ ਯੋਗ ਅਯੋਗ ਸਭ ਤਰੀਕੇ ਵਰਤਨੇ । ਪਾਪਾਂ ਨਾਲ ਇਕੱਠੀ ਕੀਤੀ ਮਾਇਆ ਮੁਸੀਬਤ ਲਿਆਂਦੀ ਹੈ, ਸੁਖ ਦਾ ਸਾਧਨ ਨਹੀਂ ਬਣਦੀ, ਸ਼ਾਂਤੀ ਨਹੀਂ ਦੇਂਦੀ ਅਤੇ ਨਾ ਹੀ ਸੋਹਣੇ ਸੋਹਣੇ ਮਹਿਲ ਸ਼ਾਤੀ ਤੇ ਸੁਖ ਦੇਂਦੇ ਹਨ ।

ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ
ਖੁਸਿ ਲਏ ਚੰਗਿਆਈ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੁਖ ਅਤੇ ਸ਼ਾਤੀ ਉਸ ਨੂੰ ਮਿਲਦੇ ਹਨ ਜੋ ਆਪਣੀ ਮਨੋ-ਬਿਰਤੀ ਨੂੰ ਸਿਮਰਨ ਦੁਆਰਾ ਅਕਾਲ ਪੁਰਖ ਨਾਲ ਜੋੜਦਾ ਹੈ ਜਿਸਦਾ ਸਰੂਪ ਮੂਲ ਮੰਤ੍ਰ ਵਿੱਚ ਦਿਤਾ ਹੈ ।

ਸਿਮਰਤ ਸਿਮਰਤ ਪ੍ਰਭ ਕਾ ਨਾਉ ॥
ਸਗਲ ਰੋਗ ਕਾ ਬਿਨਸਿਆ ਥਾਉ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰੂ ਸਾਹਿਬ ਜੀ ਦਸਦੇ ਹਨ ਕਿ ਇਹ ਜੋ ਵਿਚਾਰ ਕਹੀ ਹੈ - ਕਿ ਅਕਾਲ ਪੁਰਖ ਦੀ ਸ਼ਰਨ-ਛੋਹ ਬਿਨਾਂ, ਸਿਮਰਨ ਬਿਨਾਂ ਅੰਦਰਲੀ ਅੱਗ ਨਹੀਂ ਬੁਝਦੀ ਅਤੇ ਸੁਖ ਸ਼ਾਂਤੀ ਨਹੀਂ ਮਿਲਦੇ - ਇਹ ਮੈਂ ਆਪਣੇ ਗੁਰੂ ਨੂੰ ਪੁੱਛ ਕੇ ਕਹੀ ਹੈ ।

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਓਹ ਕਿਹੜਾ ਗੁਰੂ ਹੈ ਜਿਸ ਨੂੰ ਗੁਰੂ ਸਾਹਿਬ ਜੀ ਨੇ "ਮੈਂ ਆਪਣਾ ਗੁਰੁ" ਕਿਹਾ ਹੈ ? ਗੁਰਬਾਣੀ ਦਾ ਅਧਿਐਨ ਦਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗੁਰੂ ਅਕਾਲ ਪੁਰਖ ਖ਼ੁਦ ਹਨ ।

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਵਾਸਤਵ ਵਿੱਚ ਅਕਾਲ ਪੁਰਖ ਹੀ ਸਭ ਦੇ ਸਚੇ ਗੁਰੂ ਹਨ, ਸਤਿਗੁਰੂ ਹਨ ਅਤੇ ਸਭ ਦੇ ਅੰਦਰ ਹਨ ।

ਗੁਰੁ ਪਰਮੇਸਰੁ ਏਕੁ ਹੈ
ਸਭ ਮਹਿ ਰਹਿਆ ਸਮਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦੇਹਧਾਰੀ ਗੁਰੂ ਕਾ ਸਿਧਾਂਤ ਗੁਰਮਤ ਨਹੀਂ । ਦੇਹ ਨਾ ਗੁਰੂ ਹੋਈ ਹੈ, ਨਾ ਹੋਣੀ ਹੈ । ਕਈ ਪੁਛਦੇ ਹਨ : ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜਾਂ ਹੋਰ ਗੁਰੂਆਂ ਦੀਆਂ ਤਸਵੀਰਾਂ ਜਾਂ ਚਿਤਰ ਬਣਾਏ ਜਾਂਦੇ ਹਨ – ਕਿ ਇਹ ਦੇਹਧਾਰੀ ਗੁਰੂ ਦਾ ਮੰਨਣਾ ਨਹੀਂ ?

ਇਸ ਦਾ ਜਵਾਬ ਹੈ ਕਿ ਤਸਵੀਰਾਂ ਜਾਂ ਚਿਤ੍ਰ ਇਕ ਆਰਟ ਜਾਂ ਹੁਨਰ ਕਰਕੇ ਤਾਂ ਭਾਵੇਂ ਸਰਾਹੁਤਾ ਯੋਗ ਹੋਣ, ਲੇਕਿਨ ਗੁਰੂ ਦੇ ਸਰੂਪ ਨੂੰ ਨਹੀਂ ਦਰਸਾਂਦੇ ਅਤੇ ਨਾ ਹੀ ਦਰਸਾ ਸਕਦੇ ਹਨ । ਗੁਰੂ ਦਾ ਸਰੂਪ ਤਾਂ ਗੁਰਬਾਣੀ ਹੈ, ਸ਼ਬਦ ਹੈ ।

ਗੁਰਮੂਰਤਿ ਗੁਰ ਸਬਦੁ ਹੈ
ਸਾਧਸੰਗਤਿ ਵਿਚਿ ਪਰਗਟੀ ਆਇਆ ।

~ ਭਾਈ ਗੁਰਦਾਸ ਜੀ ~

ਐਸਾ ਗੁਰਮਤ ਦਾ ਸਿਧਾਂਤ ਹੈ । ਦਸਮ ਪਾਤਸ਼ਾਹ, ਸਿਵਾਇ ਇਕ ਅਕਾਲ ਪੁਰਖ ਦੇ, ਹੋਰ ਕਿਸੇ ਦੀ ਪੂਜਾ ਪਰਸਤਸ਼ ਦੀ ਆਗਿਆ ਨਹੀਂ ਦੇਂਦੇ ।

ਉਹ ਕਰਮ, ਉਹ ਵਿਚਾਰ, ਉਹ ਖ਼ਿਆਲ ਪਰਵਾਨ ਹਨ ਜਿਨ੍ਹਾਂ ਕਰਕੇ ਅਕਾਲ ਪੁਰਖ ਵਲ ਰੁਚੀ ਵਧੇ । ਇਸ ਦੇ ਉਲਟ, ਜੋ ਕਰਨੀ ਕਰਤੂਤ ਹੈ, ਵਿਚਾਰ ਕਲਜੁਗੀ ਹਨ, ਨਾਪਾਕ ਹਨ, ਉਹ ਅਪਰਵਾਨ ਹਨ ।

ਗੁਰਬਾਣੀ ਦਸਦੀ ਹੈ:

ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਭਾਉ ਭਗਤ ਤੇ ਸਤਸੰਗਤਿ

ਮੁਖ ਕਰਕੇ ਦੋ ਵਿਚਾਰ ਧਾਰਾ ਹਨ ਜਾਂ Schools of thought ਹਨ ।

੧. ਤਿਆਗ ਮਤ        ੨. ਭਗਤੀ ਮਤ

ਤਿਆਗ ਮਤ ਦਾ ਸਮਰਥਨ ਗੋਰਖ ਨਾਥ ਜੈਸੇ ਮਹਾਂ ਪੁਰਸ਼ਾਂ ਨੇ ਕੀਤਾ ਅਤੇ ਭਗਤੀ ਮਤ ਦਾ ਸਮਰਥਨ ਦੇਵਰਿਸ਼ੀ ਨਾਰਦ ਮੁਨੀ ਤੋਂ ਲੈਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕੀਤਾ ।

ਤਿਆਗ ਮਤ ਦੇ ਸਾਧਨ ਕਰੜੇ ਹਨ । ਇਹਨਾਂ ਸਾਧਨਾਂ ਵਿੱਚ ਸ਼ਰੀਰ ਨੂੰ ਕਸ਼ਟ ਦੇਣ ਤੇ ਜ਼ੋਰ ਹੈ । ਤਿਆਗ ਮਤ ਦਾ ਵਿਚਾਰ ਹੈ ਕਿ ਜੇ ਅੱਖਾਂ ਮੰਦ ਦ੍ਰਿਸ਼ਟੀ ਰਖਦੀਆਂ ਹਨ ਤਾਂ ਇਹਨਾਂ ਨੂੰ ਕਸ਼ਟ ਦਿਉ; ਜੇ ਕੰਨ ਜਾਂ ਹੱਥ ਪੈਰ ਬੁਰਾਈ ਵੱਲ ਜਾਂਦੇ ਹਨ, ਤਾਂ ਇਹਨਾਂ ਨੂੰ ਤਪਾਓ, ਔਖਿਆਂ ਕਰੋ । ਐਸਾ ਕਰਨ ਨਾਲ ਮਨ ਕਾਬੂ ਆ ਜਾਊ । ਇਹ ਵੀ ਵਿਚਾਰ ਹੈ ਕਿ ਗ੍ਰਹਸਤ ਦੁਖਾਂ ਦੀ ਖਾਨ ਹੈ, ਚਿੰਤਾ ਦਾ

ਦਰਿਆ ਹੈ, ਇਸ ਵਿੱਚ ਪ੍ਰਭੂ ਪ੍ਰਾਪਤੀ ਕਿਥੇ ? ਇਸ ਲਈ ਇਸ ਨੂੰ ਤਿਆਗ ਦਿਉ ।

ਪ੍ਰੰਤੂ, ਭਗਤੀ ਮਤ ਜਾਂ ਗੁਰਮਤ ਨੇ ਐਸਾ ਨਹੀਂ ਮੰਨਿਆ । ਇਸ ਮਤ ਦਾ ਵਿਚਾਰ ਹੈ ਕਿ ਮਨ ਨੂੰ ਸੋਧੋ । ਸਮਸਿਆ ਤਾਂ ਇਹ ਹੈ ਕਿ ਰੋਗ ਮਨ ਵਿੱਚ ਹੈ; ਮੈਲਾ ਤਾਂ ਮਨ ਹੈ, ਅਤੇ ਸੁਧਾਈ ਸਰੀਰ ਦੀ ? ਇਹ ਜੁਗਤ ਠੀਕ ਨਹੀਂ▼ । ਰੋਗ ਦੀ ਜੜ ਜਾਂ ਕਾਰਨ ਨੂੰ ਪਕੜੋ ਅਤੇ ਸੋਧੋ । ਯੋਗ ਦਾ ਸੰਬੰਦ ਮਨ ਨਾਲ ਹੈ, ਸਰੀਰ ਨਾਲ ਨਹੀਂ ।

ਮਨ ਦਾ ਸਰੂਪ ਸੰਕਲਪ ਵਿਕਲਪ ਹੈ । ਇਸ ਲਈ ਇਨ੍ਹਾਂ ਨੂੰ ਸੋਧੋ, ਇਨ੍ਹਾਂ ਉਪਰ ਪਹਿਰਾ ਦਿਉ ।

---

▼

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

## ਜੈਸਾ ਖ਼ਿਆਲ ਵੈਸਾ ਹਾਲ :

ਸਤਿਗੁਰੁ ਸੇਵੇ ਸੋ ਜੋਗੀ ਹੋਇ ॥
ਭੈ ਰਚਿ ਰਹੈ ਸੁ ਨਿਰਭਉ ਹੋਇ ॥
ਜੈਸਾ ਸੇਵੈ ਤੈਸੋ ਹੋਇ ॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰਮਤ ਬਾਰੰਬਾਰ ਸੰਕਲਪ ਦੀ ਸੁਧਾਈ ਪੁਰ ਜ਼ੋਰ ਦੇਂਦੀ ਹੈ ਅਤੇ ਕਹਿੰਦੀ ਹੈ ਕਿ ਮਨ ਦੇ ਧਾਉਣੇ ਨੂੰ ਸੰਭਾਲੋ । ਜਿਉਂ ਜਿਉਂ ਇਸ ਨੂੰ ਪਕੜੋਗੇ, ਰਾਹ ਖੁਲ੍ਹਦਾ ਜਾਊ, ਬਿਰਤੀ ਨਾਮ ਵੱਲ ਹੁੰਦੀ ਜਾਊ ।

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ
ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਨਾਲ ਸ਼ਕਤੀ ਆਉਂਦੀ ਹੈ। ਐਸੀ ਸ਼ਕਤੀ ਕਿ ਜਿਵੇਂ ਬੇੜੀ ਪਾਣੀ ਪੁਰ ਤੈਰਦੀ ਹੈ, ਤਿਵੇਂ ਨਾਮ-ਸ਼ਕਤੀ ਨਾਲ ਗ੍ਰਹਸਤ ਥਾਨੀ ਲੰਘ ਜਾਈਦਾ ਹੈ।

ਨਾਮ ਰਹਿਤ ਮਨ ਕੱਚਾ ਹੁੰਦਾ ਹੈ, ਜਿਵੇਂ ਦੁੱਧ ਪਾਣੀ ਦੇ ਸੰਗ ਨਾਲ, ਪਤਲਾ ਪੈ ਜਾਂਦਾ ਹੈ। ਲੇਕਿਨ ਨਾਮ ਭਗਤੀ ਵਾਲਾ ਮਨ ਮੱਖਣ ਵਾਂਗ ਹੋ ਜਾਂਦਾ ਹੈ, ਜੋ ਪਾਣੀ ਦੇ ਮੇਲ ਨਾਲ ਪਤਲਾ ਨਹੀਂ ਪੈਂਦਾ। ਦੁਖ, ਮੁਸੀਬਤ ਜਿਹੜੇ ਜ਼ਿੰਦਗੀ ਵਿੱਚ ਆਉਂਦੇ ਹਨ, ਉਹ ਨਾਮ ਭਗਤੀ ਵਾਲੇ ਮਨ ਨੂੰ ਹੋਰ ਦ੍ਰਿੜਤਾ ਦੇਂਦੇ ਹਨ ਅਤੇ ਡੋਲਾਇਮਾਨ ਨਹੀਂ ਕਰ ਸਕਦੇ। ਗੁਰੂ ਸਾਹਿਬ ਜੀ ਸਾਡੇ ਲਈ ਖ਼ੁਦ ਪੂਰਨੇ ਪਾ ਗਏ। ਪੰਚਮ ਪਾਤਸ਼ਾਹ ਦੀ ਸ਼ਹੀਦੀ ਵਲ ਦੇਖੋ। ਵੱਡੀ ਤੋਂ ਵੱਡੀ ਕਰੜਾਈ, ਜਿਸ ਨੂੰ ਵੇਖ ਕੇ ਸਾਈਂ ਮੀਆਂ ਮੀਰ ਵਰਗੇ ਘਬਰਾ ਗਏ, ਗੁਰੂ ਸਾਹਿਬ ਜੀ ਨੂੰ ਡੋਲਾਇਮਾਨ ਨਾ ਕਰ ਸਕੀ।

ਜਿਵੇਂ ਦਰਿਆ ਪਾਰ ਕਰਨਾ ਹੋਵੇ; ਉਸ ਲਈ ਦੋ ਤਰੀਕੇ ਹਨ। ਇਕ ਹੈ ਹਥ ਪੈਰ ਮਾਰ ਕੇ, ਤੈਰ ਕੇ ਆਪਣੀ ਕੋਸ਼ਿਸ਼ ਨਾਲ ਲੰਘਣਾ। ਇਸ ਨੂੰ ਤਿਆਗ ਮਤ ਜਾਂ ਜੋਗ ਮਤ ਸਮਝੋ। ਦੂਜਾ ਤਰੀਕਾ ਹੈ ਬੇੜੀ ਵਿੱਚ ਬੈਠ ਕੇ ਦਰਿਆ ਪਾਰ ਕਰ ਜਾਣਾ। ਇਹ ਭਗਤੀ ਮਤ ਹੈ, ਨਾਮ ਮਾਰਗ ਹੈ।

ਨਾਮ ਨਾਲ ਭਗਵਾਨ ਰਾਮ ਨੇ ਪੱਥਰ ਵੀ ਤਾਰ ਦਿੱਤੇ, ਜੋਗ ਨਾਲ ਨਹੀਂ। ਕਲਜੁਗ ਵਿੱਚ ਜੋਗ ਦੇ ਸਾਧਨਾਂ ਲਈ ਮਨੁੱਖ ਪਾਸ ਸਮਾਂ ਵੀ ਕਿਥੇ ਹੈ ?

ਉਮਰਾਂ ਥੋੜੀਆਂ ਹਨ, ਰੁਝੇਵੇਂ ਬਹੁਤੇ ਹਨ, ਮਾਮਲੇ ਅਨੇਕ ਹਨ। ਨਾਮ ਮਾਰਗ ਹੀ ਹੈ ਜੋ ਇਸ ਸਮੇਂ ਵਿੱਚ ਸਹਾਈ ਹੋ ਸਕਦਾ ਹੈ। ਗੁਰਮਤ ਦਾ ਨਿਰਣਾ ਹੈ ਕੇ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਮਾਰਗ ਗੱਲਾਂ ਦਾ ਮਾਰਗ ਨਹੀਂ, ਕਮਾਈ ਦਾ ਮਾਰਗ ਹੈ । ਗੁਰਮਤ ਦਾ ਵਿਚਾਰ ਹੈ ਕੇ

ਕਰਣੀ ਬਾਝਹੁ ਤਰੈ ਨ ਕੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰੰਤੂ ਕਮਾਈ ਲਈ ਜੁਗਤ ਪਰਧਾਨ ਹੈ – ਜੋ ਗੁਰੂ ਸਾਹਿਬ ਜੀ ਪਾਸੋਂ ਮਿਲਦੀ ਹੈ । ਇਸੇ ਲਈ ਗੁਰੂ ਸਾਹਿਬ ਜੀ ਦੀ ਲੋੜ ਹੈ ਤਾਕਿ ਸਹੀ ਅਗਵਾਈ ਤੇ ਜੁਗਤ ਮਿਲ ਸਕਨ । ਬਗੈਰ ਸਹੀ ਅਗਵਾਈ ਦੇ, ਜ਼ਿੰਦਗੀ ਤਰੱਕੀ ਨਹੀਂ ਕਰ ਸਕਦੀ ।

ਗੁਰਮਤ ਜੁਗਤ ਦਸਦੀ ਹੈ, ਜੀਅ ਦਾਨ ਦੇਂਦੀ ਹੈ, ਹਰੀ ਨਾਲ ਮਿਲਾਪ ਕਰਾਂਦੀ ਹੈ । ਇਸ ਵਿੱਚ ਜਾਦੂ ਟੂਣੇ, ਜੰਤਰ ਮੰਤਰ, ਸਿਧੀ ਕਰਾਮਾਤ ਦੀ ਗੁੰਜਾਇਸ਼ ਨਹੀਂ ।

ਗੁਰਮਤ ਸੰਜਮ ਵਿੱਚ ਰਹਣਿ ਲਈ ਕਹਿੰਦੀ ਹੈ ਅਤੇ ਦਸਦੀ ਹੈ ਕਿ ਸਮੇਂ ਨੂੰ ਦੂਜਿਆਂ ਦੇ ਐਬ ਦੇਖਣ ਵਿੱਚ ਜਾਂ ਨਿਰਾ ਚੁਗਲੀ ਕਰਨ ਕਾਰਨ ਵਿੱਚ ਖ਼ਰਚ ਨਾ ਕਰੋ। ਜੋ ਐਸਾ ਕਰਦਾ ਹੈ ਉਸ ਦੀ ਤਰੱਕੀ ਰੁਕ ਜਾਂਦੀ ਹੈ।

ਜੇ ਕੰਨ ਨਿੰਦਾ ਸੁਣਦੇ ਹਨ ਤਾਂ ਸਮਝੋ ਅਜੇ ਨਾਮ ਤੋਂ ਦੂਰੀ ਹੈ। ਬਹੁਤਾ ਬੋਲਣ ਨਾਲ ਵੀ ਨਾਮ ਤੋਂ ਦੂਰੀ ਹੋ ਜਾਂਦੀ ਹੈ। ਇਹੋ ਹਾਲ ਬਹੁਤਾ ਖਾਣ ਪੀਣ ਨਾਲ ਹੈ। ਸਭ ਚੀਜ਼ ਸੰਜਮ ਤੇ ਜੁਗਤ ਵਿੱਚ ਹੋਣੀ ਚਾਹੀਦੀ ਹੈ।

ਗੁਰਮਤ ਜੀਵ ਨੂੰ ਬੰਧਨ ਚੋਂ ਕਢਣਾ ਚਾਹੁੰਦੀ ਹੈ। ਜੀਵ ਕੈਦ ਹੈ ਸੰਸਾਰ ਦੇ ਤਿੰਨ ਗੁਣੀ ਪਿੰਜਰੇ ਵਿੱਚ, ਮੈਂ ਮੇਰੀ ਵਿੱਚ।

ਮੈਂ ਮੇਰੀ ਖ਼ਿਆਲ ਵਿੱਚੋਂ ਕਢਣ ਲਈ ਗੁਰੂ ਸਾਹਿਬ ਜੀ ਨੇ ਤੂੰ ਦਾ ਖ਼ਿਆਲ ਦਿਤਾ। ਇਹ ਮਨ ਦਾ ਸੁਭਾਓ ਹੈ, ਜੈਸਾ ਸੋਚਦਾ ਹੈ, ਵੈਸਾ ਹੋ ਜਾਂਦਾ ਹੈ। ਇਸ ਲਈ ਤੂੰ ਦੇ ਖ਼ਿਆਲ ਵਿੱਚ ਗਿਆਂ ਮੈਂ ਮੁਕ ਜਾਂਦੀ ਹੈ ਅਤੇ ਇਸ ਦਾ ਬੰਧਨ ਟੁਟ ਜਾਂਦਾ ਹੈ।

ਗੁਰਵਾਕ ਹੈ:

ਕਬੀਰ ਤੂੰ ਤੂੰ ਕਰਤਾ ਤੂ ਹੂਆ
ਮੁਝ ਮਹਿ ਰਹਾ ਨ ਹੂੰ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰਮਤ ਅਥਵਾ ਨਾਮ ਭਗਤੀ ਮਾਰਗ, ਸਤਸੰਗ ਦਾ ਮਾਰਗ ਹੈ । ਸਤਸੰਗ ਕਰਾਉਣ ਵਾਲਾ ਆਮਿਲ ਹੋਵੇ, ਸ਼ਰੋਤਾ ਸਿਦਕੀ ਹੋਵੇ । ਜੇ ਇਹ ਨਹੀਂ ਤਾਂ ਸਫਲਤਾ ਨਹੀਂ । ਪਰੰਤੂ ਜੇ ਇਸ ਸ਼ਰਤ ਦੀ ਪੂਰਤੀ ਹੈ ਤਾਂ ਕਾਮਯਾਬੀ ਯਕੀਨੀ ਹੈ ।

ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰਪਰਸਾਦੀ ਤਰੀਐ ॥ ੧ ॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਤਸੰਗਤਿ ਵਿੱਚੋਂ ਸਭ ਕੁਝ ਮਿਲਦਾ ਹੈ ।

ਕਹਾਨੀ ਵਾਰਤਾ ਸਤਸੰਗ ਨਹੀਂ ।

ਸਤਸੰਗਤਿ ਕੈਸੀ ਜਾਣੀਐ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦਾ ਜੁਵਾਬ ਹੈ ...

ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਐਸਾ ਸਤਸੰਗ ਚਾਰ ਪਦਾਰਥ ਦੇਣ ਦੀ ਸਮਰਥਾ ਰਖਦਾ ਹੈ, ਸੁਕੇ ਤੇ ਮੁਰਝਾਏ ਮਨ ਹਰੇ ਹੋ ਜਾਂਦੇ ਹਨ ।

ਮੇਰੇ ਮਾਧਉ ਜੀ
ਸਤਸੰਗਤਿ ਮਿਲੇ ਸੁ ਤਰਿਆ ॥
ਗੁਰਪਰਸਾਦਿ ਪਰਮਪਦੁ ਪਾਇਆ
ਸੂਕੇ ਕਾਸਟ ਹਰਿਆ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਤਸੰਗਤਿ ਸਮਝ ਦੇਂਦੀ ਹੈ, ਵਿਸ਼ਵਾਸ ਦੇਂਦੀ ਹੈ। ਉਹ ਵਿਸ਼ਵਾਸ ਹੈ ਕਿ ਮੇਰੀ ਪ੍ਰਿਤਪਾਲਨਾ ਵਾਹਿਗੁਰੂ ਜੀ ਨੇ ਕਰਨੀ ਹੈ। ਇਸ ਸਮਝ ਵਿੱਚ, ਇਸ ਵਿਸ਼ਵਾਸ ਵਿੱਚ ਮਨੁੱਖ ਨੇ ਦ੍ਰਿੜਤਾ ਹਾਸਿਲ ਕਰਨੀ ਹੈ। ਇਹ ਹੀ ਲਕਸ਼ ਹੈ।

ਜੇ ਇਹ ਨਹੀਂ ਤਾਂ

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦਾ ਨਿਤ ਪੜ੍ਹਨਾ ਬੇ ਮਤਲਬ ਹੈ।

ਜਿਤਨੇ ਸਾਧਨ ਸਤਸੰਗ ਦਸਦੀ ਹੈ, ਉਹ ਇਸ ਲਕਸ਼ ਦੀ ਪ੍ਰਾਪਤੀ ਵਾਸਤੇ ਹਨ। ਜੇ ਸਾਹਮਣੇ ਲਕਸ਼ ਹੀ ਕੋਈ ਨਹੀਂ ਤਾਂ ਕੀਰਤਨ ਕਰਨਾ ਜਾਂ ਸੁਣਨਾ, ਮਾਲਾ ਫੇਰਨੀ, ਜਾਪ ਕਰਨਾ, ਆਦਿ, ਕੀ ਅਰਥ ਰਖਦੇ ਹਨ ?

ਜਿਸ ਤਰ੍ਹਾਂ ਦਹੀਂ ਵਿੱਚ ਰੇੜਕਾ ਪਾਇਦਾ ਹੈ ਮੱਖਣ ਕਢਣ ਲਈ, ਇਸੇ ਤਰ੍ਹਾਂ ਇਹ ਸਾਧਨ ਹਨ ਲਕਸ਼ ਨੂੰ ਪਾਉਣ ਲਈ। ਸਤਸੰਗਤਿ ਜੁਗਤ ਦਸਦੀ ਹੈ ਆਹਾਰ, ਵਿਹਾਰ ਅਤੇ ਆਚਾਰ ਦੀ। ਫਿਰ ਵਿਚਾਰ ਪ੍ਰਗਟਦੀ ਹੈ। ਇਹਨਾਂ ਨਾਲ ਕਲਿਆਣ ਹੁੰਦੀ ਹੈ। ਇਹ ਹੈ ਸਾਰ ਨਾਮ-ਭਗਤੀ ਮਾਰਗ ਦਾ।

## ਇਸੇ ਕਰਕੇ ਸਤਸੰਗਤਿ ਦੀ ਮਹਿਮਾ ਹੈ:

ਸਾਧਸੰਗਤਿ ਕੈ ਬਾਸਬੈ
ਕਲਮਲ ਸਭਿ ਨਸਨਾ ॥
ਪ੍ਰਭ ਸੇਤੀ ਰੰਗਿ ਰਾਤਿਆ
ਤਾ ਤੇ ਗਰਭਿ ਨ ਗ੍ਰਸਨਾ ॥੧॥
ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲ ਹੋਈ ਹੈ
ਗੁਰ ਕਾ ਜਪੁ ਜਪਨਾ ॥੧॥ ਰਹਾਉ ॥
ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ
ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ
ਨਿਰਮਲ ਥਾਨਿ ਬਸਨਾ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਅਰਦਾਸ ਤੇ ਪੂਰਣਤਾ

ਦੋ ਕਿਸਮ ਦੇ ਮਨੱਖ ਹੁੰਦੇ ਹਨ: ਅਧੂਰੇ ਪੁਰਸ਼ ਤੇ ਪੂਰੇ ਪੁਰਸ਼ । ਆਮ ਸੰਖਿਆ ਆਧੂਰਿਆਂ ਦੀ ਹੈ; ਪੂਰਾ ਕੋਈ ਟਾਵਾਂ ਹੀ ਹੁੰਦਾ ਹੈ ।

ਅਧੂਰੇ ਨੂੰ ਪੂਰਾ ਬਣਾਉਣਾ – ਇਹ ਗੁਰਮਤ ਦਾ ਆਦਰਸ਼ ਹੈ ।

ਇਸ ਆਦਰਸ਼ ਦੀ ਪੂਰਤੀ ਵਾਸਤੇ, ਗੁਰਮਤ ਨੇ ਜਿਹੜਾ ਰਾਹ ਬਿਆਨ ਕੀਤਾ ਹੈ – ਉਹ ਹੈ ਪੰਥ । ਪੰਥ ਕਿਸੇ ਜਮਾਤ ਜਾਂ ਮਜ਼ੵਬ ਦਾ ਨਾਮ ਨਹੀਂ । ਮਜ਼ੵਬ ਭੇਖ ਤਾਂ ਦੁਨੀਆਂ ਵਿੱਚ ਅਗੇ ਹੀ ਬਥੇਰੇ ਸਨ । ਗੁਰੂ ਸਾਹਿਬ ਜੀ ਦੀ ਬਾਣੀ ਪੜ੍ਹਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਮਨਸ਼ਾ ਕੋਈ ਨਵਾਂ ਮਜ਼ੵਬ ਜਾਂ ਭੇਖ ਬਣਾਉਣਾ ਨਹੀਂ ਸੀ ।

ਦਸਮ ਪਾਤਸ਼ਾਹ ਨੂੰ ਹੇਮ ਕੁੰਟ ਵਿਖੇ ਸਮਾਧੀ ਕਾਲ ਵਿੱਚ ਜੋ ਅਕਾਲ ਪੁਰਖ ਦੇ ਆਸ਼ੇ ਦਾ ਪਰਕਾਸ਼ ਪਿਆ,

ਉਸ ਨੂੰ ਇਸ ਜਗਤ ਵਿੱਚ ਆ ਕੇ ਉਨ੍ਹਾਂ ਨਿਧੜਕਤਾ ਨਾਲ ਬਿਆਨ ਕੀਤਾ । ਇਸ ਆਸ਼ੇ ਅਥਵਾ ਪਰਕਾਸ਼ ਦਾ ਨਾਮ ਪੰਥ ਹੈ । ਇਹ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਮਾਰਗ ਹੈ, ਇਹ ਪੂਰਨ ਬਣਨ ਦਾ ਮਾਰਗ ਹੈ ।

ਕਹਿਯੋ ਪ੍ਰਭੁ ਸੁ ਭਾਖਿਹੌਂ ॥
ਕਿਸੂ ਨ ਕਾਨ ਰਾਖਿਹੌਂ ॥
(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਗੁਰਬਾਣੀ ਫਾਰਮੂਲਾ (formula) ਦਸਦੀ, guidance ਦੇਂਦੀ ਹੈ ਜਿਸ ਕਰਕੇ, ਮਨੁੱਖ ਅਧੂਰਿਓਂ ਪੂਰਾ ਹੋ ਜਾਇ ।

ਦੇਖਣ ਵਿੱਚ ਆਇਆ ਹੈ ਕਿ, ਅਸੀਂ ਆਮ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਹਰੀ ਆਦਰ ਮਾਨ ਤਾਂ ਬੜਾ ਕਰਦੇ ਹਾਂ, ਪਰ ਅਮਲ ਕਰਨ ਵਾਸਤੇ ਉਤਨਾ ਉਤਸ਼ਾਹ ਨਹੀਂ ਰਖਦੇ । ਆਦਰ ਸਤਕਾਰ ਕਰਨਾ ਤਾਂ ਬਹੁਤ ਜ਼ਰੂਰੀ ਹੈ, ਜਿਤਨਾ ਕੀਤਾ ਜਾਇ ਥੋੜਾ ਹੈ, ਪਰ

ਇਸ ਤੋਂ ਵੀ ਵਡੀ ਗੱਲ ਹੈ ਗੁਰਬਾਣੀ ਦੇ ਦਸੇ ਮਾਰਗ ਨੂੰ ਧਾਰਨ ਕਰਨਾ, ਵਰਤੋਂ ਵਿੱਚ ਲਿਆਉਣਾ ।

ਗੁਰਬਾਣੀ ਦਾ ਆਪਣਾ ਕਹਿਨਾ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਬਾਣੀ ਨੂੰ ਭਾਵੇਂ ਥੋੜਾ ਪੜ੍ਹੋ, ਜਿਤਨਾ ਵੀ ਪੜ੍ਹੋ, ਬਿਰਤੀ ਨੂੰ ਖੋਭ ਕੇ ਪੜ੍ਹੋ । ਬਿਰਤੀ ਨੂੰ ਇਕ ਚਿੱਤ ਰਖ ਕੇ ਪੜ੍ਹਨਾ ਬਹੁਤ ਜ਼ਰੂਰੀ ਹੈ । ਗੁਰਬਾਣੀ ਦੀ ਗੁਣਵਿੱਚਕ (qualitative) ਪੜ੍ਹਾਈ ਹੋਣੀ ਚਾਹੀਦੀ ਹੈ, ਸੰਖਿਆਮੂਲਕ (quantitative) ਨਹੀਂ । ਜੋ ਪੜ੍ਹੋ ਉਸ ਨੂੰ ਵਿਚਾਰੋ, ਉਸ ਦਾ ਵਿਸ਼ਲੇਸ਼ਣ ਕਰੋ ।

ਜਿਵੇਂ ਦਹੀਂ ਵਿੱਚ ਰੇੜਕਾ ਪਾਈਦਾ ਹੈ ਮੱਖਣ ਕਢਣ ਲਈ, ਇਸ ਤਰ੍ਹਾਂ ਬਾਣੀ ਨੂੰ ਵਿਰੋਲੀਦਾ ਹੈ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ, ਪੂਰੇ ਹੋਣ ਲਈ ।

ਗੁਰਬਾਣੀ ਦੇ ਪੜ੍ਹਨ ਜਾਂ ਸੁਣਨ ਦਾ ਐਸਾ ਅਭਿਆਸ ਚਾਹੀਦਾ ਹੈ ਕਿ ਇਹ meditation (ਅੰਤਰ ਧਿਆਨ) ਦਾ ਸਾਧਨ ਬਣ ਜਾਇ ।

ਅਭਿਆਸ ਪਕਾਂਦੇ ਪਕਾਂਦੇ ਸੁਰਤਿ ਅੰਦਰ ਓਥੇ ਚਲੀ ਜਾਇ ਜਿਥੇ ਖਿਲਕਤ (Creation) ਅਤੇ ਖਾਲਿਕ (Creator) ਇਕ ਹਨ । ਇਥੇ ਖੜੋ ਕਿ ਅਰਦਾਸ ਕਰੋ । ਇਸ ਅਵਸਥਾ ਵਿੱਚ ਕੀਤੀ ਅਰਦਾਸ ਸਫਲਤਾ ਦੇਂਦੀ ਹੈ, ਕਦੇ ਬਿਰਥੀ ਨਹੀਂ ਜਾਂਦੀ ।

ਬਿਰਥੀ ਕਦੇ ਨ ਹੋਵਈ
ਜਨ ਕੀ ਅਰਦਾਸਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਅਵਸਥਾ ਵਿੱਚ ਪਹੁੰਚਿਆ ਪੁਰਸ਼, ਬਾਕੀ ਸਭ ਪਾਸਿਓ ਟੁੱਟਾ ਹੁੰਦਾ ਹੈ । ਇਹ ਹੀ ਸੁਖ ਦਾ ਰਾਹ ਹੈ, ਇਹ ਪੂਰਣਤਾ ਵਲ ਜਾਣਾ ਹੈ ।

ਜੁੜਨਾ ਅਰ ਟੁਟਣਾ – ਇਸ ਵਿੱਚ ਜ਼ਿੰਦਗੀ ਦਾ ਭੇਦ ਹੈ । ਜਿਸ ਨੂੰ ਇਸ ਦੀ ਜੁਗਤ ਆ ਜਾਇ, ਭਾਵ, ਆਪਣੀ ਮਰਜ਼ੀ ਅਨੁਸਾਰ ਜਿਥੇ ਚਾਹੇ ਜੁੜ ਜਾਇ ਅਤੇ ਜਿਥੋਂ ਚਾਹੇ, ਜਦ ਚਾਹੇ, ਬਿਰਤੀ ਨੂੰ ਤੋੜ ਲਏ : ਸਮਝੋ ਉਸ ਨੇ ਜੀਵਨ ਦਾ ਭੇਦ ਪਾ ਲਿਆ ।

ਸਾਈਂ ਬੁੱਲ੍ਹੇ ਸ਼ਾਹ ਨੇ ਜਦ ਆਪਣੇ ਮੁਰਸ਼ਦ ਕੋਲੋਂ ਰੱਬ ਦਾ ਰਾਹ ਪੁਛਿਆ (ਅਥਵਾ ਪੂਰਣਤਾ ਦਾ ਮਾਰਗ ਪੁਛਿਆ) ਤਾਂ ਅਗੋਂ ਉਸ ਨੇ ਕਿਹਾ:

ਬੁਲਿਆ ਰੱਬ ਦਾ ਕੀ ਪਾਉਣਾ,
ਇਧਰੋਂ ਪੁਟਨਾ ਉਧਰ ਲਾਉਣਾ।

(ਸਾਈਂ ਬੁੱਲ੍ਹੇ ਸ਼ਾਹ)

ਗੁਰਬਾਣੀ ਸਿਮਰਨ ਦੀ ਜੁਗਤੀ ਦਸਦੀ ਹੈ ।

ਸਿਮਰਨ ਕੀ ਹੈ ? ਸਿਮਰਨ ਹੈ ਚਿਤ ਬਿਰਤੀ ਦਾ ਸਭ ਪਾਸਿਓਂ ਟੁਟ ਕੇ ਅਕਾਲ ਪੁਰਖ ਦੀ ਯਾਦ ਵਿੱਚ ਲਿਵਲੀਨ ਹੋਣਾ, ਖਿਲਕਤ ਵਲੋਂ ਟੁਟ ਕੇ ਖਾਲਿਕ ਨਾਲ ਜੁੜ ਜਾਣਾ ।

ਖਾਲਿਕ ਕੀ ਹੈ? ਇਹ ਮਨੁੱਖ ਦਾ ਆਪਣਾ ਆਪਾ ਹੈ, ਆਪਣਾ ਕੇਂਦਰ (centre) ਹੈ । ਜਿਹੜਾ ਆਪਣੇ ਕੇਂਦਰ ਤੋਂ ਘੁਥਣਾ ਹੈ, ਉਹ ਦੁਖ ਵਲ ਜਾਣਾ ਹੈ ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫੁੱਲ ਟਾਹਨੀ ਨਾਲੋਂ ਟੁਟ ਕੇ ਮੁਰਝਾ ਜਾਂਦਾ ਹੈ, ਸੜ ਜਾਂਦਾ ਹੈ । ਕੋਲਾ ਕਿਉਂ ਕਾਲਾ ਹੈ ? ਕਿਉਂਕਿ ਇਹ ਆਪਣੇ ਕੇਂਦਰ, ਅੱਗ ਕੋਲੋਂ ਟੁਟ ਗਿਆ ਹੈ । ਇਹ ਨੇਮ ਹੈ, ਜੋ ਆਪਣੇ ਕੇਂਦਰ ਤੋਂ ਟੁਟ ਜਾਂਦਾ ਹੈ, ਉਹ ਮੁਰਝਾ ਜਾਂਦਾ ਹੈ ।

ਬਾਬਾ ਫਰੀਦ ਜੀ ਜ਼ਿੰਦਗੀ ਰੂਪੀ ਕੋਇਲ ਨੂੰ ਪੁਛਦੇ ਹਨ :

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ ਜੁਆਬ ਹੈ :

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭਾਵ, ਆਪਣੇ ਪ੍ਰਭੂ ਅਥਵਾ ਆਪਣੇ ਕੇਂਦਰ ਪਾਸੋਂ ਵਿਛੜ ਕੇ ਜੀਵ ਦੁਖੀ ਹੈ ।

ਜੋ ਦੁੱਖਾਂ ਤੋਂ ਛੁਟਕਾਰਾ ਚਾਹੁੰਦਾ ਹੈ, ਅਧੂਰਿਓਂ ਪੂਰਾ ਹੋਣਾ ਚਾਹੁੰਦਾ ਹੈ, ਉਹ ਸਿਮਰਨ ਦੁਆਰਾ ਅੰਦਰ ਆਪਣੇ ਕੇਂਦਰ ਵਲ ਰੁਖ ਕਰੇ । ਅੰਦਰ ਰੁਖ ਤਦ ਹੁੰਦਾ ਹੈ ਜੇ ਜੀਵਨ ਸੰਜਮ ਪੂਰਵਕ ਹੋਵੇ ।

ਉਹ ਸੰਜਮ ਕੀ ਹੈ ? ਗੁਰਬਾਣੀ ਦਸਦੀ ਹੈ:

ਅਲਪ ਅਹਾਰ ਸੁਲਪ ਸੀ ਨਿੰਦ੍ਰਾ
ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ
ਹ੍ਵੈਬੋ ਤ੍ਰਿਗੁਣ ਅਤੀਤ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ
ਮੋਹ ਨ ਮਨ ਸੋ ਲ੍ਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ
ਪਰਮ ਪੁਰਖ ਕਹ ਪਾਵੈ ॥੩॥੧॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

# ਕਲੇਸ਼ ਦਾ ਮੂਲ ਕਾਰਨ

ਮਨੁੱਖ ਦੇ ਅੰਦਰ ਕਲੇਸ਼ ਕਿਉਂ ਪੈਦਾ ਹੁੰਦਾ ਹੈ ? ਇਸ ਦਾ ਕੀ ਕਾਰਨ ਹੈ ? ਤਜਰਬਾ ਦਸਦਾ ਹੈ ਕਿ ਇਸ ਦਾ ਮੂਲ ਕਾਰਨ ਹੈ ਇੱਛਾ । ਜਦ ਇਨਸਾਨ ਦੀ ਇੱਛਾ ਪੂਰੀ ਨਹੀਂ ਹੁੰਦੀ, ਜਦ ਇਸ ਦਾ ਸੋਚਿਆ ਹੋਇਆ ਪਲੈਨ (plan) ਸਿਰੇ ਨਹੀਂ ਚੜ੍ਹਦਾ, ਜਦ ਇਹ ਜੈਸੇ ਚਾਹੁੰਦਾ ਹੈ ਵੈਸੇ ਹਾਲਾਤ ਨਹੀਂ ਬਣਦੇ, ਤਾਂ ਅੰਦਰ ਕਲਪਣਾ ਜਾਗਦੀ ਹੈ, ਕਲੇਸ਼ ਹੁੰਦਾ ਹੈ ।

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

"ਹੁਕਮਿ ਰਜਾਈ ਚਲਣਾ" – ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਬਕ ਹੈ ਅਤੇ ਇਹ ਜੀਵਨ ਦੇ ਹਰ ਪਹਿਲੂ, ਹਰ ਸਮੇਂ ਅਤੇ ਹਰ ਅਵਸਥਾ ਜਾਂ situation ਲਈ ਹੈ ।


Return To Index

ਜਿਸੁ ਠਾਕੁਰ ਸਿਉ ਨਾਹੀ ਚਾਰਾ ॥
ਤਾ ਕਉ ਕੀਜੈ ਸਦ ਨਮਸਕਾਰਾ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

"ਜਿਸ ਠਾਕੁਰ ਸਿਉ ਨਾਹੀ ਚਾਰਾ" ਦਾ ਭਾਵ ਹੈ ਕਿ ਇਸ ਰਚਨਾ ਵਿੱਚ ਵਡੀ ਇੱਛਾ ਕੰਮ ਕਰ ਰਹੀ ਹੈ ਜਿਸ ਉੱਪਰ ਕਿਸੇ ਦਾ ਜ਼ੋਰ ਨਹੀਂ ਚਲਦਾ, ਜੋ ਕਿਸੇ ਹੋਰ ਦੇ ਅਧੀਨ ਨਹੀਂ। ਉਸ ਨੂੰ Divine Will ਜਾਂ ਹੁਕਮ ਜਾਂ ਰੱਬੀ ਇੱਛਾ ਕਹਿੰਦੇ ਹਨ।

ਆਪਣੀ ਛੋਟੀ ਇੱਛਾ ਨੂੰ ਉਸ ਦੇ ਅਧੀਨ ਰਖਣ ਵਿੱਚ, ਉਸ ਦੀ ਰਜ਼ਾਇ ਰੱਖਣ ਵਿੱਚ ਸੁਖ ਹੈ।

ਜਦ ਸਾਡਾ ਸੋਚਿਆ ਅਤੇ ਮਿਥਿਆ ਹੋਇਆ ਪ੍ਰੋਗਰਾਮ ਸਿਰੇ ਨਹੀਂ ਚੜ੍ਹਦਾ, ਤਾਂ ਸਮਝੋ ਉਸ ਮਾਲਿਕ ਜਾਂ ਠਾਕੁਰ ਦੀ ਇੱਛਾ ਐਸੀ ਹੀ ਹੈ ਅਤੇ ਐਸਾ ਜਾਣ ਕੇ ਆਪਣੇ ਆਪ ਨੂੰ ਬਾਹਰ ਕਢ ਲੈਣਾ ਚਾਹੀਦਾ ਹੈ। ਇਸ ਨੂੰ ਗੁਰਮਤ ਵਿੱਚ ਆਪਾ ਗਵਾਉਣਾ ਕਿਹਾ ਹੈ।

**ਆਪੁ ਵੰਞਾਏ ਤਾ ਸਭ ਕਿਛੁ ਪਾਏ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਆਪੁ ਗਵਾਈਐ ਤਾ ਸਹੁ ਪਾਈਐ**
**ਅਉਰੁ ਕੈਸੀ ਚਤੁਰਾਈ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਸੁਖ ਦਾ ਰਾਹ ਹੈ, ਇਹ ਕਲੇਸ਼ ਤੋਂ ਨਿਵਰਤੀ ਦਾ ਤਰੀਕਾ ਹੈ, ਇਹ "ਹੁਕਮਿ ਰਜਾਈ ਚਲਣਾ" ਹੈ। ਜਿਵੇਂ ਫੌਜ ਵਿੱਚ ਵੱਡੀ ਕਮਾਂਡ ਦੇ ਮਾਤਹਿਤ ਛੋਟੀ ਕਮਾਂਡ ਹੁੰਦੀ ਹੈ, ਤਿਵੇਂ ਵਡੀ ਕਰ-ਤਾਰੀ ਇੱਛਾ ਦੇ ਮਾਤਹਿਤ ਆਪਣੀ ਛੋਟੀ ਇੱਛਾ ਨੂੰ ਰਖਣਾ ਚਾਹੀਦਾ ਹੈ।

ਰਜ਼ਾ ਵਿੱਚ ਚਲਣਾ ਇਹ ਹੈ ਕਿ ਜੈਸਾ ਹੋ ਜਾਇ, ਉਸ ਵਿੱਚ ਹੀ ਖੁਸ਼ ਰਹਿਣਾ ਜਾਂ ਰਹਿਣ ਦਾ ਜਤਨ ਕਰਨਾ।

ਹੋਰ, ਜਿਸ ਖਵਾਹਸ਼ ਨੂੰ ਪੂਰਾ ਕਰਨਾ ਹੋਵੇ, ਉਸ ਦਾ ਫੁਰਨਾ ਹੋਣ ਤੇ ਉਸ ਦਾ ਖਿਆਲ ਛਡ ਦੇਣਾ ਅਤੇ

ਉਸ ਨੂੰ ਪੂਰਾ ਕਰਨ ਵਿੱਚ ਜੁਟ ਪੈਣਾ; ਜੋ ਨਤੀਜਾ ਨਿਕਲੇ ਉਸ ਨੂੰ ਠੀਕ ਸਮਝਣਾ ਇਹ ਵੀ ਰਜ਼ਾ ਦਾ ਮੰਨਣ ਹੈ ।

ਐਸਾ ਅਭਿਆਸ ਕਰਨ ਨਾਲ ਅੰਦਰ ਸਹਜ ਆਉਂਦਾ ਹੈ, ਭੇਦ ਉਘੜਦੇ ਹਨ, ਦੁਖ ਦੂਰ ਹੁੰਦੇ ਹਨ ।

ਸਾਂਤਿ ਸਹਜੁ ਰਹਸੁ ਮਨਿ ਉਪਜਿਓ
ਸਗਲੇ ਦੂਖ ਪਲਾਇਣ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਬਾਣੀ ਬੁਝਣ ਦੀ ਚੀਜ਼ ਹੈ, ਅਭਿਆਸ ਕਰਨ ਲਈ ਹੈ, ਸਿਰਫ ਪੜ੍ਹਨ ਲਈ ਨਹੀਂ । ਬੇਸ਼ਕ ਬਾਣੀ ਨੂੰ ਪੜ੍ਹਨਾ ਤੇ ਸੁਣਨਾ ਜ਼ਰੂਰੀ ਹਨ ਪਰੰਤੂ ਇਹ ਕਾਫੀ ਨਹੀਂ; ਇਸ ਦੇ ਅੰਦਰ ਜਾਣ ਦੀ ਲੋੜ ਹੈ । ਜਿਵੇਂ ਸਰੋਵਰ ਦੇ ਅੰਦਰ ਜਾ ਕੇ ਮੋਤੀ ਮਿਲਦੇ ਹਨ, ਉੱਪਰ ਉੱਪਰ ਨਹੀਂ, ਤਿਵੇਂ ਬਾਣੀ ਦੇ ਅੰਦਰ ਵੜਿਆਂ ਜ਼ਿੰਦਗੀ ਦੇ ਭੇਦ ਮਿਲਦੇ ਹਨ, ਉਤੋਂ ਉਤੋਂ ਪੜ੍ਹਨ ਨਾਲ ਨਹੀਂ ।

ਜ਼ਿੰਦਗੀ ਦੇ ਦੋ ਪੱਖ ਹੁੰਦੇ ਹਨ: ਇਕ ਹੈ ਅਨ੍ਹੇਰਾ ਪੱਖ, ਦੂਸਰਾ ਹੈ ਚਾਨਣ ਪੱਖ। ਇਹ ਇਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਆਸਮਾਨੀ ਨਜ਼ਾਮ ਵਿੱਚ ਹੈ। ਅਨ੍ਹੇਰੇ ਪੱਖ ਦਾ ਸਿਖਰ ਮੱਸਿਆ ਹੈ, ਚਾਨਣ ਪੱਖ ਦਾ ਸਿਖਰ ਹੈ ਪੂਰਨਮਾਸ਼ੀ। ਅਨ੍ਹੇਰੇ ਵਿੱਚ ਕੋਈ ਸੁਖੀ ਨਹੀਂ ਰਹਿ ਸਕਦਾ, ਭਾਵੇਂ ਅਮੀਰ ਹੋਵੇ ਭਾਵੇਂ ਗਰੀਬ।

ਅੰਧਕਾਰ
ਸੁਖਿ ਕਬਹਿ ਨ ਸੋਈ ਹੈ ॥
ਰਾਜਾ ਰੰਕੁ
ਦੋਊ ਮਿਲਿ ਰੋਈ ਹੈ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੀਵਨ ਦਾ ਅਨ੍ਹੇਰਾ ਪੱਖ ਅਗਿਆਨ ਹੈ। ਅਗਿਆਨ ਤੋਂ ਭਾਵ ਹੈ ਕਿ ਇਸ ਮਾਨੁਖ ਦੇਹੀ ਨੂੰ ਜੋ ਬੜੇ ਭਾਗਾਂ ਨਾਲ ਮਿਲੀ ਹੈ, ਐਵੇਂ ਗੁਆ ਦੇਣਾ ਅਤੇ ਇਸ ਦੀ ਕਦਰ ਨਾ ਕਰਨਾ।

ਇਸ ਨੂੰ ਇੰਦਰੀਆਂ ਅਤੇ ਮਨ ਦੇ ਸੁਆਦਾਂ ਵਿੱਚ ਖਰਚ ਕਰ ਦੇਣਾ ਜ਼ਿੰਦਗੀ ਨੂੰ ਐਵੇਂ ਗੁਆ ਦੇਣਾ ਹੈ, ਨਾਸ਼ ਵਲ ਲੈ ਜਾਣਾ ਹੈ ।

ਖਾਇ ਖਾਇ ਕਰੇ ਬਦਫੈਲੀ
ਜਾਣੁ ਵਿਸੂ ਕੀ ਵਾੜੀ ਜੀਉ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ ਇਸ ਤਰ੍ਹਾਂ

ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਿਸੇ ਚੀਜ਼ ਨੂੰ ਢਾਉਣਾ ਸੌਖਾ ਹੁੰਦਾ ਹੈ, ਗਿਰਾਵਟ ਵਲ ਲੈ ਜਾਣਾ ਆਸਾਨ ਹੁੰਦਾ ਹੈ । ਕਿਸੇ ਚੀਜ਼ ਨੂੰ ਉਸਾਰਨਾ ਜਾਂ ਉੱਚਿਆਂ ਕਰਨਾ ਔਖਾ ਹੁੰਦਾ ਹੈ । ਇਸੇ ਤਰ੍ਹਾਂ ਇਸ ਮਨੁੱਖੀ ਜੀਵਨ ਦੀ ਹਾਲਤ ਹੈ । ਇਸ ਨੂੰ ਗਿਰਾਵਟ ਵਲ ਲੈ ਜਾਣਾ

ਹੈ ਤਾਂ ਇਹਨੂੰ ਮਨ ਇੰਦਰਿਆਂ ਦੇ ਰਸਾਂ ਵਿੱਚ ਖਰਚ ਕਰ ਦਿਓ । ਗੁਰਬਾਣੀ ਅਨੁਸਾਰ ਇਹ ਨਰਕਾਂ ਦਾ ਰਾਹ ਹੈ ।

ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮਨਮੁਖ ਕੌਣ ਹੈ? ਜੋ ਮਨ ਇੰਦਰਿਆਂ ਦੇ ਮਗਰ ਲਗੇ, ਉਹ ਮਨਮੁਖ ਹੈ ।

ਇਸ ਦੇਹ ਨੂੰ ਗੁਰਮਤ ਨੇ ਹਰੀ ਦਾ ਮੰਦਰ ਕਿਹਾ ਹੈ ਜਿਥੋਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ।

ਹਰਿਮੰਦਰੁ ਏਹੁ ਸਰੀਰੁ ਹੈ
ਗਿਆਨਿ ਰਤਨਿ ਪਰਗਟੁ ਹੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ ਇਸ ਮੰਦਰ ਨੂੰ ਸੰਭਾਲ ਕੇ ਵਰਤੋ, ਇਸ ਦੀ ਪਵਿਤ੍ਰਤਾ ਦਾ ਧਿਆਨ ਰਖੋ ਅਤੇ ਇਸ ਵਿੱਚੋਂ ਪ੍ਰਭੂ ਲਭਣ ਲਈ ਇਸ ਨੂੰ ਖਰਚ ਕਰੋ ।

ਜਿਹੜਾ ਐਸਾ ਕਰਦਾ ਹੈ, ਉਹ ਜੀਵਨ ਦੇ ਚਾਣਨ ਪੱਖ ਵਲ ਧਾ ਰਿਹਾ ਹੈ । ਅਮੀਰੀ ਗਰੀਬੀ ਵਿੱਚ ਪ੍ਰਭੂ ਖੁਦ ਉਸ ਦੀ ਨਿਗਾਹਬਾਨੀ ਕਰਦਾ ਹੈ, ਸੰਭਾਲ ਕਰਦਾ ਹੈ ।

ਹਰਿ ਰੁਖੀ ਰੋਟੀ ਖਾਇ ਸਮਾਲੇ ॥
ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਦ੍ਰਿਸ਼ਟੀ ਦੀ ਸ੍ਰਿਸ਼ਟੀ

ਜੈਸੀ ਦ੍ਰਿਸ਼ਟੀ ਵੈਸੀ ਸ੍ਰਿਸ਼ਟੀ – ਇਹ ਇਕ ਮੰਨਿਆ ਪਰਮੰਨਿਆ ਅਸੂਲ ਹੈ। ਦੇਖਣ ਵਿੱਚ ਆਇਆ ਹੈ ਕਿ ਦੋਸ਼ੀ ਦ੍ਰਿਸ਼ਟੀ ਦੇ ਕਾਰਨ ਅਨੇਕਾਂ ਮਨੁੱਖ ਪਰੇਸ਼ਾਨੀਆਂ ਦਾ ਸ਼ਿਕਾਰ ਹਨ। ਸਿਆਣੇ ਪੁਰਸ਼ਾਂ ਦਾ ਵਿਚਾਰ ਹੈ ਕਿ ਦ੍ਰਿਸ਼ਟੀ ਵਿੱਚੋਂ ਦੋਸ਼ ਨੂੰ ਦੂਰ ਕਰੋ ਜੇ ਤੁਸੀਂ ਦੋਸ਼-ਰਹਿਤ ਸ੍ਰਿਸ਼ਟੀ ਦੇਖਣਾ ਚਾਹੁੰਦੇ ਹੋ।

ਕਈ ਪੁਰਸ਼ ਤਾਂ ਪਰੇਸ਼ਾਨੀਆਂ ਦੇ ਕਾਰਨ ਆਤਮ ਹੱਤਿਆ ਕਰਨ ਨੂੰ ਤਿਆਰ ਹੋ ਜਾਂਦੇ ਹਨ ਅਤੇ ਵੱਡਮੁਲੀ ਮਾਨੁਸ਼ ਦੇਹੀ ਨੂੰ ਬੇਅਰਥ ਗੁਆ ਦੇਂਦੇ ਹਨ।

ਤਾਂ ਕਿ ਮਨੁੱਖ ਪਰੇਸ਼ਾਨੀਆਂ ਦਾ ਸਾਹਮਣਾ ਕਰ ਸਕੇ ਅਤੇ ਇਹਨਾਂ ਦੇ ਘਾਤਕ ਹਮਲਿਆਂ ਤੋਂ ਬਚ ਸਕੇ, ਗੁਰਮਤ ਇਸ ਨੂੰ ਗੁਰੂ ਸਾਹਿਬ ਜੀ ਦਾ ਸਿੱਖ ਹੋਣ ਲਈ ਪ੍ਰੇਰਦੀ ਹੈ।

ਗੁਰੂ ਸਾਹਿਬ ਜੀ ਦਾ ਸਿੱਖ ਹੋਣ ਤੋਂ ਮੁਰਾਦ ਹੈ ਗੁਰੂ ਸਾਹਿਬ ਜੀ ਦੇ ਦ੍ਰਿਸ਼ਟੀਕੋਣ ਨੂੰ ਅਪਣਾਨਾ ਅਤੇ ਦੁਨਿਆਵੀ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਤਿਆਗਣਾ ।

ਦੋ ਚੀਜ਼ਾਂ ਦਾ ਮਿਲਣਾ ਮੁਸ਼ਕਲ ਹੁੰਦਾ ਹੈ: ਸੱਚਾ ਗੁਰੂ ਅਤੇ ਸੱਚਾ ਸਿੱਖ । ਗੁਰੂ ਦਾ ਅਰਥ ਹੈ ਜੋ ਅਨ੍ਹੇਰੇ ਵਿੱਚ ਪਰਕਾਸ਼ ਕਰੇ । ਅਕਾਲ ਪੁਰਖ ਦੀ ਜੋ

ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥

~ ਸ੍ਰੀ ਦਸਮ ਗ੍ਰੰਥ ਸਾਹਿਬ ਜੀ ~

ਉਹ ਸਭ ਵਿੱਚ ਪਰਕਾਸ਼ ਦੇ ਰਹੀ ਹੈ । ਇਸ ਲਈ ਉਹ ਪਰਕਾਸ਼ਮਈ ਵਿਆਪਕ ਸੱਤਾ ਹੀ ਸੱਚਾ ਗੁਰੂ ਹੈ ।

ਗੁਰੁ ਪਰਮੇਸਰੁ ਏਕੁ ਹੈ
ਸਭ ਮਹਿ ਰਹਿਆ ਸਮਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉਹ ਪੁਰਸ਼ ਜੋ ਇਸ ਪਰਕਾਸ਼ ਮਈ ਵਿਆਪਕ ਸੱਤਾ ਨਾਲ ਇਕ ਮਿਕ ਹੈ, ਅਤੇ ਸਮਾਧੀ ਕਾਲ ਇਸ ਪਰਕਾਸ਼ ਵਿੱਚ ਲੀਨ ਹੁੰਦਾ ਰਹਿੰਦਾ ਹੈ, ਉਹ ਗੁਰਮੁਖ ਹੈ; ਭਾਵ ਉਹ ਗੁਰੂ ਸਾਹਿਬ ਜੀ ਦੇ ਗਿਆਨ ਦੇਣ ਦਾ ਅਧਿਕਾਰ ਰਖਦਾ ਹੈ । ਉਹ ਤ੍ਰੈਗਣੀ ਪਸਾਰੇ ਤੋਂ ਉਪਰ ਟਿਕਾਓ ਰਖਦਾ ਹੈ ।

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ
ਰਾਮ ਨਾਮਿ ਸੁਖੁ ਹੋਈ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਐਸਾ ਆਮਿਲ ਪੁਰਸ਼ ਜਾਂ ਗੁਰਮੁਖ ਜੋ ਗਿਆਨ ਦਏ, ਜੋ ਸੋਝੀ ਦਏ, ਉਹ ਗੁਰੂ ਸਾਹਿਬ ਜੀ ਦਾ ਸੱਚਾ ਗਿਆਨ ਹੁੰਦਾ ਹੈ ।

ਐਸੇ ਪੁਰਸ਼ਾਂ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹਨਾਂ ਦੇ ਪਾਸ ਗਿਆਂ, ਉਹਨਾਂ ਦੀ ਸਤਸੰਗਤਿ ਕਰਿਆਂ ਮਨ ਵਿੱਚ ਠੰਡ ਪੈਂਦੀ ਹੈ, ਪਰੇਸ਼ਾਨੀ ਘਟਦੀ ਹੈ, ਕਲਪਣਾ ਦੂਰ ਹੁੰਦੀ ਹੈ ।

ਇਹ ਨੀਸਾਣੀ ਸਾਧ ਕੀ
ਜਿਸੁ ਭੇਟਤ ਤਰੀਐ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰੰਤੂ ਐਸਾ ਪੁਰਸ਼ ਗੁਰੂ ਪਦ ਦਾ ਅਧਿਕਾਰੀ ਨਹੀਂ । ਗੁਰੂ ਉਹ ਟਾਂਵੀ ਹਸਤੀ ਹੁੰਦੀ ਹੈ ਜੋ ਪਰਕਾਸ਼ ਲੈ ਕੇ ਜਗਤ ਵਿੱਚ ਆਉਂਦੀ ਹੈ ਅਤੇ ਪਰਕਾਸ਼ ਹੀ ਹੁੰਦੀ ਹੈ । ਅਕਾਲ ਪੁਰਖ ਖੁਦ ਉਸ ਵਿੱਚ ਆਪਣੀ ਜੋਤ ਤੇ ਸ਼ਕਤੀ ਦੇ ਕੇ ਘਲਦਾ ਹੈ ।

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਾਂ ਇੰਝ ਕਹਿ ਲੋ ਕਿ ਅਕਾਲ ਪੁਰਖ ਨੇ ਪਰਕਾਸ਼ ਦੇਣ ਲਈ ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਕੀਤਾ ਹੁੰਦਾ ਹੈ ।

ਜਿਵੇਂ ਸੱਚਾ ਗਿਆਨ ਦਾਤਾ ਮਿਲਣਾ ਔਖਾ ਹੈ, ਤਿਵੇਂ ਸੱਚਾ ਸ਼ਿਸ਼ ਮਿਲਣਾ ਮੁਸ਼ਕਲ ਹੈ । ਸੱਚਾ ਸ਼ਿਸ਼ ਉਹ ਹੈ ਜਿਸ ਦੇ ਅੰਦਰ ਕਾਂਖਸ਼ਾ ਸੱਚਾ ਹੈ (ਬਨਾਵਟੀ ਨਹੀਂ), ਬਿਹਬਲਤਾ ਰਖਦਾ ਹੈ – ਸੁਣੀ ਸੁਣਾਈ ਤੜਪ ਨਹੀਂ ਰਖਦਾ ।

ਗੀਤਾ ਦਾ ਉਪਦੇਸ਼ ਹੈ ਕਿ ਜਦ ਐਸਾ ਸ਼ਿਸ਼ ਗੁਰੂ ਪਾਸ ਜਾਵੇ ਤਾਂ ਖੂਬ ਪ੍ਰਸ਼ਨ ਕਰੇ । ਪਰ ਜਦ ਨਿਸ਼ਾ ਹੋ ਜਾਇ, ਅੰਦਰ ਤਸੱਲੀ ਆ ਜਾਇ, ਫੇਰ ਹੀਲ ਹੁੱਜਤ ਛਡ ਦੇਵੇ ਅਤੇ ਆਪਣਾ ਆਪ ਅਰਪਨ ਕਰ ਦੇਵੇ ।

**ਮਨੁ ਬੇਚੈ ਸਤਿਗੁਰ ਕੈ ਪਾਸਿ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਤਨਾ ਇਹ ਆਮਿਲ ਹੋਵੇਗਾ ਉਤਨੀ ਸਫਲਤਾ ਮਿਲੇਗੀ ।

ਤਜਰਬਾਕਾਰ ਅਤੇ ਆਮਿਲ ਗੁਰੂ, ਸ਼ਿਸ਼ ਨੂੰ ਆਉਂਦੇ ਸਾਰ ਹੀ ਗਿਆਨ ਧਿਆਨ ਨਹੀਂ ਦੇਣ ਲਗ ਪੈਂਦਾ, ਜਿਵੇਂ

ਅਜਕਲ ਗੁਰੂ ਅਖਵਾਨ ਵਾਲੇ ਲੋਕ ਕਰਦੇ ਹਨ। ਸੱਚਾ ਗੁਰੂ ਪਹਿਲੇ ਸ਼ਿਸ਼ ਦੀ ਮਾਨਸਕ ਅਵਸਥਾ ਦੇਖਦਾ ਹੈ। ਜਿਸ ਦੀ ਇਹ ਦ੍ਰਿਸ਼ਟੀ ਹੀ ਨਹੀਂ ਖੁਲ੍ਹੀ, ਉਹ ਗੁਰੂ ਜਾਂ ਗੁਰਮੁਖ ਕਾਹਦਾ ? ਉਹ ਤਾਂ ਖੁਦ ਕੱਚਾ ਹੈ, ਅਗਿਆਨੀ ਹੈ।

ਅੰਤਰ ਕੀ ਗਤਿ ਸਤਿਗੁਰੁ ਜਾਣੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੇ ਗੁਰੂ ਵਿੱਚ ਇਹ ਵਡਿਆਈ ਅਥਵਾ qualification ਨਹੀਂ, ਤਾਂ ਸ਼ਿਸ਼ ਦਾ ਕਾਰਜ ਨਹੀਂ ਸਰਦਾ। ਜਿਹੜਾ ਗੁਰੂ ਅਜੇ ਮਜ਼ਬਾਂ ਦੇ ਝਗੜਿਆਂ ਵਿੱਚ ਫਸਿਆ ਹੈ, ਸ਼੍ਰੇਣੀਆਂ ਦੇ ਭੇਦ ਭਾਵ ਵਿੱਚ ਕੈਦ ਹੈ, ਉਹ ਗਿਆਨ ਵਿਹੂਨਾ ਹੈ, ਅਗਿਆਨੀ ਹੈ। ਉਸ ਨੇ ਕਿਸੇ ਦੇ ਪੜਦੇ ਕੀ ਫੋੜਨੇ ਹਨ, ਕਿਸੇ ਦੀ ਦ੍ਰਿਸ਼ਟੀ ਕੀ ਬਦਲਣੀ ਹੈ ਅਤੇ ਸ੍ਰਿਸ਼ਟੀ ਕੀ ਸੁੰਵਾਰਨੀ ਹੈ ?

ਮਜ਼ਬਾਂ, ਸੰਪਰਦਾਈ ਜਾਂ ਨਸਲੀ ਭੇਦ ਭਾਵ ਫਜ਼ੂਲ ਬਾਤ ਹੈ। ਸੋਚੋ ਤਾਂ ਸਹੀ ਕਿ ਮਾਂ ਦੇ ਪੇਟ ਵਿੱਚ ਇਨਸਾਨ

ਦਾ ਕਿਹੜਾ ਮਜ੍ਹਬ ਹੁੰਦਾ ਹੈ ? ਕਿਹੜੀ ਸ਼੍ਰੇਣੀ ਹੁੰਦੀ ਹੈ ?

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਨਮ ਤੋਂ ਪਿਛੋਂ ਜੋ ਇਸ ਦੇ ਕੰਨ ਵਿੱਚ ਪਾਇਆ ਜਾਂਦਾ ਹੈ, ਉਹ ਵੈਸਾ ਵੈਸਾ ਮੰਨ ਲੈਂਦਾ ਹੈ। ਜਿਉਂ ਜਿਉਂ ਵਡਾ ਹੁੰਦਾ ਹੈ, ਜੈਸੀ ਜੈਸੀ ਸੰਗਤ ਮਿਲਦੀ ਹੈ, ਵੈਸਾ ਇਹ ਬਣੀ ਜਾਂਦਾ ਹੈ ।

ਮਨੁੱਖ ਸੰਗਤ ਦਾ ਸਿੱਖ ਹੈ; ਮਾੜਿਆਂ ਦੀ ਮਿਲ ਗਈ ਮਾੜਾ ਬਣ ਗਿਆ, ਚੰਗਿਆਂ ਦੀ ਮਿਲ ਗਈ, ਚੰਗਾ ਹੋ ਗਿਆ ।

ਜੋ ਜੈਸੀ ਸੰਗਤਿ ਮਿਲੈ
ਸੋ ਤੈਸੋ ਫਲੁ ਖਾਇ ॥੮੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਗੁਰਮਤ ਕੋਈ ਮਜ੍ਹਬ ਨਹੀਂ। ਇਹ ਤਾਂ ਜੀਵਨ ਜਾਂਚ ਹੈ, ਮਾਰਗ ਹੈ, ਪੰਥ ਹੈ।** ਇਸ ਵਿੱਚ ਦੋ ਮੁੱਖ ਗੱਲਾਂ ਹਨ – ਗੁਰੂ ਅਤੇ ਸਤਸੰਗਤਿ।

ਸਤਸੰਗਤਿ ਮਨ ਦੀ ਮੈਲ ਧੋਂਦੀ ਹੈ, ਗੁਰੂ ਸਾਹਿਬ ਜੀ ਆਪਣੇ ਵਲ ਖਿੱਚ ਪਾਂਦਾ ਹੈ। ਜਿਸ ਤਰ੍ਹਾਂ ਚੁੰਬਕ ਪੱਥਰ (magnet) ਹੁੰਦਾ ਹੈ – ਉਹ ਲੋਹੇ ਦੀ ਸੂਈ ਨੂੰ ਆਪਣੀ ਵਲ ਖਿੱਚ ਪਾਉਂਦਾ ਹੈ। ਸੂਈ ਬੇਵੱਸ ਹੈ – ਉਹ ਆਪੇ ਖਿੱਚੀ ਜਾਂਦੀ ਹੈ। ਪ੍ਰੰਤੂ ਜੇ ਸੂਈ ਦੇ ਨੱਕੇ ਉਤੇ ਮਿੱਟੀ ਪਈ ਹੋਵੇ, ਫੇਰ ਕੀ ਹੋਊ ? ਸੂਈ ਖਿੱਚੀ ਨਹੀਂ ਜਾਏਗੀ। ਇਸ ਤਰ੍ਹਾਂ ਜਦ ਤਕ ਸਿੱਖ ਦਾ ਮਨ ਨਿਰਮਲ ਨਹੀਂ ਹੁੰਦਾ, ਪੂਰੀ ਤਰ੍ਹਾਂ ਗੁਰੂ ਸਾਹਿਬ ਜੀ ਵਲ ਖਿੱਚਿਆ ਨਹੀਂ ਜਾਂਦਾ।

> **ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ**
> **ਕਾਲਾ ਹੋਆ ਸਿਆਹੁ ॥**
>
> ~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~


Return To Index

ਇਹ ਮਲ ਸਤਸੰਗਤਿ ਦੁਆਰਾ ਜਿਉਂ ਜਿਉਂ ਘਟੇਗੀ, ਨਾਮ ਦਾ ਰੰਗ ਚੜ੍ਹੇਗਾ ਅਤੇ ਸਿੱਖ ਗੁਰੂ-ਮੁਖੀ ਹੋਈ ਜਾਏਗਾ ।

ਸਾਧਸੰਗਿ ਮਲੁ ਸਗਲੀ ਖੋਤ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਾਧ ਕੈ ਸੰਗਿ ਪਾਏ ਨਾਮ ਰਤਨੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ ਸਾਧ ਸੰਗਤ ਵਿੱਚੋਂ ਜੁਗਤ ਮਿਲਦੀ ਹੈ ਅਰਦਾਸ ਦੀ ।

ਅਰਦਾਸ ਕੁੰਜੀ ਹੈ ਸਫਲਤਾ ਦੀ, ਨਾਮ ਅਭਿਆਸ ਦੀ, ਨਾਮ ਰੰਗ ਦੀ, ਦ੍ਰਿਸ਼ਟੀ ਬਦਲਾਣ ਦੀ ।

ਜਿਤਨੇ ਸਾਧਨ ਹਨ, ਸਭ ਮਨੋ-ਬਿਰਤੀਆਂ ਦੇ ਨਿਰੋਧ ਲਈ ਹਨ, ਤੀਸਰੀ ਅੱਖ ਦੇ ਖੋਲ੍ਹਣ ਲਈ ਹਨ, ਜਿਸ ਕਰਕੇ ਦ੍ਰਿਸ਼ਟੀ ਬਦਲ ਜਾਇ ਅਤੇ ਹਰ ਹਾਲਤ ਵਿੱਚ ਸਮਤਾ (balance) ਰਹੇ । ਇਸ ਲਈ ਕੋਸ਼ਿਸ਼ ਕਰੋ ਕਿ ਮਨ

ਅਰਦਾਸ ਵਿੱਚ ਜੁੜੇ। ਇਕਾਗਰ ਚਿੱਤ ਨਾਲ ਕੀਤੀ ਅਰਦਾਸ ਸਫਲਤਾ ਦੇਂਦੀ ਹੈ। ਅਰਦਾਸ ਸ਼ਕਤੀ ਹੈ ਜੋ ਅਕਾਲ ਪੁਰਖ ਦੀ ਦਰਗਾਹ ਵਿੱਚੋਂ ਨਦਰ ਕਰਮ ਨੂੰ ਪ੍ਰੇਰਦੀ ਹੈ। ਅਰਦਾਸ ਵਿੱਚ ਬਾਣੀ ਨਾਲ ਜੁੜੋ। ਬਾਣੀ ਦਾ ਅਰਥ ਹੈ ਧੁਨੀ, ਸ਼ਬਦ ਜੋ ਸਰਬ ਵਿਆਪੀ ਹੈ।

ਸਚੜਾ ਦੂਰਿ ਨ ਭਾਲੀਐ
ਘਟਿ ਘਟਿ ਸਬਦੁ ਪਛਾਣੋ ਵਾ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਿਮਰਨ, ਅਭਿਆਸ, ਅਰਦਾਸ ਆਦਿ ਸਾਧਨ ਹਨ ਜੋ ਇਸ ਲਈ ਕੀਤੇ ਜਾਂਦੇ ਹਨ ਕਿ ਇਸ ਸਰਬ ਵਿਆਪੀ ਬਾਣੀ ਨਾਲ ਮੇਲ ਹੋ ਜਾਇ।

ਇਹ ਸੰਸਾ ਨਾ ਕਰੋ ਕਿ ਮਨ ਦੌੜਨਾ ਨਹੀਂ ਛੱਡਦਾ। ਮਨ ਦੀ ਇਕਾਗਰਤਾ ਵਿੱਚ ਜ਼ਿੰਦਗੀ ਦਾ ਭੇਦ ਹੈ। ਇਹ ਅਕਾਲ ਪੁਰਖ ਦੀ ਮਰਜ਼ੀ ਹੈ ਕਿ ਕਿਸੇ ਪੁਰ ਆਪਣਾ ਕਿਤਨਾ ਭੇਦ ਖੋਲ੍ਹੇ। ਇਸ ਲਈ ਗੁਰੂ ਸਾਹਿਬ

ਜੀ ਕਹਿੰਦੇ ਹਨ ਕਿ ਸਾਧਨ ਕਰੀ ਜਾਓ, ਸਫਲਤਾ ਅਕਾਲ ਪੁਰਖ ਦੀ ਮਰਜ਼ੀ ਪੁਰ ਛਡੋ ।

ਮਨੁ ਬਸਿ ਆਵੈ ਨਾਨਕਾ
ਜੇ ਪੂਰਨ ਕਿਰਪਾ ਹੋਇ ॥੧੦॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰਮਤ ਦਾ ਵਿਚਾਰ ਹੈ ਕਿ ਸਾਧਨ ਦੀ ਹਉਮੈ ਵਿੱਚ ਨਹੀਂ ਪੈਣਾ । ਕਰਨੀ ਕਰਤੂਤ ਨਾਲ ਛੁਟਕਾਰਾ ਨਹੀਂ; ਬਖਸ਼ਿਸ਼ ਨਾਲ ਛੁਟਕਾਰਾ ਹੈ ਅਤੇ ਮਨ ਦੀਆਂ ਕਮਜ਼ੋਰੀਆਂ ਪੁਰ ਜਿੱਤ ਹੈ ।

ਪ੍ਰਭ ਕਿਰਪਾ ਤੇ
ਮਨੁ ਵਸਿ ਆਇਆ ॥
ਨਾਨਕ ਗੁਰਮੁਖਿ
ਤਰੀ ਤਿਨਿ ਮਾਇਆ ॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਅਵਸਥਾ ਵਿੱਚ ਪਹੁੰਚੇ ਦਾ ਦ੍ਰਿਸ਼ਟੀਕੋਣ ਇਕ ਵਡਾ ਪਲਟਾ ਖਾ ਗਿਆ ਹੁੰਦਾ ਹੈ; ਇਥੇ ਪੁਹੰਚੇ ਨੂੰ ਇਸ ਮਾਨਸ਼ ਦੇਹੀ ਦੀ ਪੂਰੀ ਕਦਰ ਸਮਝ ਆਉਂਦੀ ਹੈ ।

ਸਿੱਖ ਜਿਉਂ ਜਿਉਂ ਇਸ ਮਾਰਗ ਵਲ ਵਧਦਾ ਹੈ, ਤਿਉਂ ਤਿਉਂ ਉਸ ਦੀ ਦ੍ਰਿਸ਼ਟੀ ਪਲਟਦੀ ਜਾਂ transform ਹੁੰਦੀ ਹੈ ਅਤੇ ਗੁਰਬਾਣੀ ਦੇ ਇਸ ਮਹਾਂਵਾਕ ਦੀ ਅੰਦਰ ਵਡਿਆਈ ਜਾਗਦੀ ਹੈ:

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥
ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥
ਤਉ ਇਸੁ ਘਰ ਕੀ ਕੀਮਤਿ ਪਰੀ ॥੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਸ਼ਬਦ ਰਹੱਸ ਤੇ ਮਨ ਦੀ ਦੌੜ

ਲਫਜ਼ "ਸ਼ਬਦ" ਦੇ literal (ਅਖਰੀ) ਅਰਥ ਹਨ sound, ਆਵਾਜ਼, ਧੁਨੀ । ਆਵਾਜ਼ਾਂ ਅਤੇ ਧੁਨੀਆਂ ਤਾਂ ਕਈ ਹਨ ਜੋ ਕਿਸੇ ਦੋ ਚੀਜ਼ਾਂ ਦੇ ਟਕਰਾਨ ਨਾਲ ਪ੍ਰਗਟਦੀਆਂ ਹਨ । ਪੰਜ ਅਵਾਜ਼ਾਂ ਜਾਂ ਧੁਨੀਆਂ ਅਥਵਾ ਸ਼ਬਦ ਮੁੱਖ ਰੱਖਕੇ ਮੰਨੇ ਗਏ ਹਨ ।▼

---

▼ ਜੋਗੀਆਂ ਨੇ ਪੰਜ ਪ੍ਰਕਾਰ ਦੇ ਵਾਜੇ ਮੰਨੇ ਹਨ, ਜੈਸਾ ਕਿ:

ਤਤ ਤੰਤੀ ਬਿਤ ਚਰਮਕਾ ਘਣ ਕਾਂਸੀ ਕਾ ਜਾਨ ।
ਨਾਦ ਸਬਦ ਘਟ ਕੋ ਕਹਤ ਸੁਆਸ ਸੁਖਰ ਪਹਿਚਾਨ ।

੧. ਤਤ-ਤਾਰ ਅਤੇ ਤੰਦ ਦੇ ਵਾਜੇ ਸਿਤਾਰ ਰਬਾਬ ਆਦਿ ।
੨. ਵਿਰਤ-ਚੰਮ ਨਾਲ ਮੜ੍ਹੇ ਹੋਏ ਵਾਜੇ ਮ੍ਰਿਦੰਗ ਢੋਲਕ ਆਦਿ ।
੩. ਘਨ-ਧਾਤ ਦੇ ਕੰਸੀ, ਘੜਿਆਲ ਆਦਿ ।
੪. ਨਾਦ-ਘੜਾ ਆਦਿ, ਜਿਨ੍ਹਾਂ ਦੇ ਪੁਲਾੜ (ਪੋਲ) ਵਿੱਚੋਂ ਹੱਥ ਦੇ ਪ੍ਰਹਾਰ ਨਾਲ ਅਵਾਜ਼ ਨਿਕਲਦੀ ਹੈ ।
੫. ਸੁਖਰ-ਸੁਆਸਾਂ ਨਾਲ ਵਜਾਉਣ ਵਾਲੇ ਵੀਣਾਂ, ਬੰਸਰੀ, ਨਫ਼ੀਰੀ ਆਦਿ ।

ਤਤ ਬਿਤ ਘਨ ਮੁਖਰਸ ਬਾਜੈਂ ॥
ਸੁਨਿ ਮਨ ਰਾਗੰ ਗੁਨਿ ਗਨ ਲਾਜੈਂ ॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਇਸ ਮਸਲੇ ਨੂੰ ਜੇ ਗਹਿਰਾਈ ਨਾਲ ਘੋਖੀਏ ਤਾਂ ਮਾਲੂਮ ਹੋਵੇਗਾ ਕਿ ਸ਼ਬਦ ਉਹ ਆਵਾਜ਼ ਜਾਂ ਧੁਨੀ ਹੈ, ਜੋ ਸਰਬ ਵਿਆਪੀ ਹੈ । ਚੰਦ, ਸੂਰਜ, ਜ਼ਮੀਨ, ਪੱਥਰ, ਪੇੜ, ਪੱਤੇ ਅਤੇ ਜੀਵ ਜੰਤ – ਸਭ ਦੇ ਅੰਦਰ ਤੇ ਬਾਹਰ ਉਹ ਧੁਨੀ ਹੋ ਰਹੀ ਹੈ ।

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ
ਆਪੁ ਗਇਆ ਮਨੁ ਮਾਨਿਆ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅੰਤਰਿ ਬਾਹਰਿ ਤੇਰੀ ਬਾਣੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰ ਇਹ ਸ਼ਬਦ, ਆਵਾਜ਼ ਜਾਂ ਬਾਣੀ ਹਰ ਕਿਸੇ ਨੂੰ ਆਮ ਅਵਸਥਾ ਵਿੱਚ ਸੁਣਾਈ ਨਹੀਂ ਦੇਂਦੀ । ਇਹ ਆਵਾਜ਼ superconscious (ਪੂਰਨ ਚੈਤਨ) ਅਵਸਥਾ ਵਿੱਚ ਪ੍ਰਗਟ ਹੁੰਦੀ ਹੈ; ਅਤੇ ਇਸ ਦੇ ਸੁਣਨ ਦਾ ਵਿਸ਼ੇਸ਼ ਸਮਾਂ ਅਧੀ ਰਾਤ ਤੋਂ ਮਗਰੋਂ ਅਤੇ ਪ੍ਰਭਾਤ ਤੋਂ ਪਹਿਲੇ ਹੈ ਜਿਸ ਨੂੰ

ਗੁਰਮਤ ਨੇ ਅੰਮ੍ਰਿਤ ਵੇਲਾ ਕਿਹਾ ਹੈ। ਪੂਰਨ ਚੈਤਨ ਅਵਸਥਾ ਉਹ ਹੈ ਜਿਥੇ ਅੰਦਰ ਜੋਤਿ ਦਾ ਪ੍ਰਕਾਸ਼ ਹੈ। ਇਸ ਦੀ ਪ੍ਰਾਪਤੀ ਵਾਸਤੇ ਪੂਰਨ ਇਕਾਗਰਤਾ ਦਾ ਹੋਣਾ, ਮਨੋ-ਬਿਰਤੀਆਂ ਦਾ ਲਿਵ-ਲੀਨ ਹੋਣਾ ਅਤਿ ਜ਼ਰੂਰੀ ਹੈ। ਇਸ ਆਵਾਜ਼ ਨੂੰ ਆਕਾਸ਼ਬਾਣੀ ਵੀ ਕਹਿੰਦੇ ਹਨ। ਮੁਸਲਮਾਨੀ ਬੋਲੀ ਵਿੱਚ ਇਸ ਨੂੰ ਇਲਹਾਮ ਅਤੇ ਈਸਾਈ ਮਤ ਵਿੱਚ ਇਸ ਨੂੰ Revelation ਕਹਿੰਦੇ ਹਨ। ਇਹ ਬਾਣੀ ਹਰ ਸਮੇਂ ਹਰ ਅਵਸਥਾ ਵਿੱਚ ਕਾਇਮ ਰਹਿੰਦੀ ਹੈ।

ਬਾਣੀ ਵਜੀ ਚਹੁ ਜੁਗੀ
ਸਚੋ ਸਚੁ ਸੁਣਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਤ੍ਰੈਗੁਣ ਅਤੀਤ ਅਵਸਥਾ ਹੈ, ਉਰੇ ਜੋ ਸ਼ਬਦ, ਅਵਾਜ਼ਾਂ ਜਾਂ ਧੁਨਾਂ ਹਨ, ਉਹ ਇਹ ਬਾਣੀ ਨਹੀਂ।

ਮਨ ਇਸ ਸਰਬ ਵਿਆਪੀ ਆਵਾਜ਼ ਜਾਂ ਸ਼ਬਦ ਨੂੰ ਸੁਣ ਨਹੀਂ ਸਕਦਾ ਜਦ ਤਕ ਇਹ ਸੁਰਤ ਵਿੱਚ ਨਹੀਂ ਬਦਲ ਜਾਂਦਾ। ਇਸ ਸਰਬ ਵਿਆਪੀ ਸ਼ਬਦ ਦਾ ਸੁਣਨਾ ਕੁਝ ਕਰਨਾ ਨਹੀਂ। ਇਹ ਤਾਂ ਹੋ ਹੀ ਰਿਹਾ ਹੈ। ਜਦ ਖਿਆਲ ਰੁਕ ਜਾਣ ਇਹ ਆਪਣੇ ਆਪ ਆ ਜਾਂਦਾ ਹੈ।

ਮਨ ਤੇ ਸੁਰਤ ਵਿੱਚ ਅੰਤਰਾ ਹੈ। ਮਨ ਦਾ ਸਰੂਪ ਖਿਆਲ ਹੈ, ਸੰਕਲਪ ਵਿਕਲਪ ਹੈ। ਸੁਰਤ ਤੋਂ ਭਾਵ ਮਨ ਦਾ ਲੈ ਹੋ ਕੇ ਉਨਮਨੀ ਅਵਸਥਾ ਵਿੱਚ ਦਿੱਬ-ਦ੍ਰਿਸ਼ਟੀ ਦਾ ਉਦੈ ਹੋਣਾ ਹੈ ਜਿਥੇ ਕਿ ਉਹ ਸ਼ਬਦ ਬ੍ਰਹਮ ਵਿੱਚ ਅਭੇਦਤਾ ਅਨੁਭਵ ਕਰਦੀ ਹੈ।

ਜੀਵ ਸੰਕਲਪਾਂ ਵਿਕਲਪਾਂ ਦੇ ਥਲੇ ਦਬਿਆ ਹੋਣ ਕਰਕੇ ਉਸ ਸਰਬ-ਵਿਆਪੀ ਪਰਕਾਸ਼ ਤੇ ਆਵਾਜ਼ ਨੂੰ ਪਾ ਨਹੀਂ ਸਕਦਾ।

ਜਦੋਂ ਸੰਕਲਪਾਂ ਵਿਕਲਪਾਂ ਦੇ ਗਿਲਾਫ ਉੱਪਰੋਂ ਉੱਠ ਜਾਣ ਤਦ

ਅੰਤਰਿ ਜੋਤਿ ਨਿਰੰਤਰਿ ਬਾਣੀ
ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਗਟ ਹੁੰਦੀ ਹੈ । ਇਸ ਕਰਕੇ,

ਗੁਰਮਤ ਬਾਰ ਬਾਰ ਮਨੋ-ਬਿਰਤੀਆਂ ਨੂੰ ਸ਼ਬਦ ਦੇ ਮਗਰ ਲਗਾਣ ਵਾਸਤੇ ਜ਼ੋਰ ਦੇਂਦੀ ਹੈ ਤਾਂ ਕਿ ਸੰਕਲਪਾਂ ਵਿਕਲਪਾਂ ਦੇ ਗਿਲਾਫ ਜੀਵ ਉਤੋਂ ਉੱਠ ਜਾਣ ਤੇ ਬੇੜਾ ਪਾਰ ਹੋ ਜਾਵੇ ।

ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅੰਦਰ ਜਿਥੇ ਸੁਰਤਿ ਅਤੇ ਸ਼ਬਦ ਦਾ ਸੰਗਮ ਹੈ, ਉਥੇ ਪਰਕਾਸ਼ ਹੈ, ਜਾਗਤ ਜੋਤ ਦਾ ਪ੍ਰਗਟਾ ਹੈ ।

ਲੇਕਨ ਮੁਸ਼ਕਲ ਇਹ ਹੈ ਕਿ ਇਸ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਮਨ ਦੌੜਦਾ ਹੈ, ਕਾਬੂ ਨਹੀਂ ਆਉਂਦਾ, ਜਿਸ ਕਰਕੇ ਰਾਹ ਨਹੀਂ ਖੁਲ੍ਹਦਾ । ਕੀ ਕੀਤਾ ਜਾਇ ? ਆਮ ਇਲਾਜ ਹੈ ਜੋ ਚੀਜ਼ ਦੌੜੇ ਜਾਂ ਉੱਡੇ ਉਸ ਨੂੰ ਲੰਗੜਾ ਕਰ ਦਿਉ, ਜ਼ਖਮੀ ਕਰ ਦਿਉ ਫਿਰ ਦੌੜਨਾ ਮੁਕ ਜਾਊ, ਵਸ ਵਿੱਚ ਆ ਜਾਊ ।

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪੰਛੀ ਨੂੰ ਚੋਗੇ ਦੀ ਇੱਛਾ ਉਡਾਈ ਫਿਰਦੀ ਹੈ, ਮਨ ਨੂੰ ਜਗਤ ਦੇ ਪਦਾਰਥ ਦੌੜਾਈ ਫਿਰਦੇ ਹਨ । ਮਨ ਇਹਨਾਂ ਪਦਾਰਥਾਂ ਦਾ ਪਿੱਛਾ ਤਦ ਛੱਡਦਾ ਹੈ ਜਦ ਇਹਨਾਂ ਦਾ ਕੌੜਾ ਪਰਿਣਾਮ ਦੇਖ ਲਏ, ਕਿਸੇ ਧੋਖੇ ਜਾਂ ਗੱਦਾਰੀ ਨੂੰ ਚੱਖ ਲਏ । ਜਗਤ ਦੇ ਪਦਾਰਥਾਂ ਦਾ ਕੌੜਾਪਨ, ਜਾਂ ਕੋਈ ਛਲ, ਕਾਰਨ

ਬਣਦੇ ਹਨ ਇਹ ਖੋਜ ਕਰਨ ਦੇ, ਪੜਤਾਲ ਕਰਨ ਦੇ ਜਾਂ enquiry ਕਰਨ ਦੇ ਕਿ ਵਾਸਤਵਤਾ ਕੀ ਹੈ ।

ਐਸੀ ਅਵਸਥਾ ਵਾਲੇ ਮਨ ਪੁਰ ਗੁਰਬਾਣੀ ਦੇ ਜਦ ਅਨਿਆਲੇ ਤੀਰ ਵਜਦੇ ਹਨ ਤਾਂ ਇਸ ਦੀ ਦੌੜ ਖਤਮ ਹੋ ਜਾਂਦੀ ਹੈ । ਫੇਰ ਮਨ ਪਿੰਗਲ ਹੋ ਜਾਂਦਾ ਹੈ ਅਤੇ ਅੰਤਰਮੁਖਤਾ ਵਲ ਜਾਂਦਾ ਹੈ ।

ਜਦ

ਅੰਦਰੁ ਵਿਧਾ ਸਚਿ ਨਾਇ
ਬਾਹਰਿ ਭੀ ਸਚੁ ਡਿਠੋਮਿ ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫਿਰ

ਅੰਦਰੁ ਵਿਧਾ ਸਚਿ ਨਾਇ
ਬਾਹਰਿ ਭੀ ਸਚੁ ਡਿਠੋਮਿ ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜ਼ਿੰਦਗੀ ਦਾ ਰਹੱਸ ਉਸ ਵਕਤ ਖੁੱਲ੍ਹੂ ਜਦ ਮਨ ਅੰਤਰਮੁਖ ਹੋ ਜਾਊ। Life is a secret, a mystery – ਐਸਾ ਫਿਲਾਸਫਰ ਲੋਕਾਂ ਦਾ ਕਥਨ ਹੈ। ਇਹ ਭੇਦ ਖੁਲ੍ਹ ਜਾਂਦਾ ਹੈ ਜਦ ਮਨ ਦਾ ਧਾਉਨਾ ਖਤਮ ਹੋ ਜਾਇ।

ਗੁਪਤੁ ਪ੍ਰਗਟੁ ਸਭ ਜਾਣੀਐ
ਜੇ ਮਨੁ ਰਾਖੈ ਠਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੀਵਨ ਰਹੱਸ ਦੀ ਪ੍ਰਾਪਤੀ ਲਈ ਅਰਦਾਸ ਇਕ ਜ਼ਰੂਰੀ ਚੀਜ਼ ਹੈ – ਜਿਵੇਂ ਪੰਛੀ ਲਈ ਪੰਖ ਹਨ ਤਿਵੇਂ ਮਨੁੱਖੀ ਜੀਵਨ ਲਈ ਸਿਮਰਨ ਹੈ, ਅਰਦਾਸ ਹੈ, ਵਿਸ਼ਵਾਸ਼ ਹੈ।

ਵਿਸ਼ਵਾਸਹੀਨ ਅਰਦਾਸ ਸਫਲਤਾ ਨਹੀਂ ਦੇਂਦੀ। ਵਿਸ਼ਵਾਸ ਤੋਂ ਭਾਵ ਹੈ ਨਿਸ਼ਚੇ ਦਾ ਇਧਰ ਓਧਰ ਨਾ ਹੋਣਾ, ਡੋਲਾਇਮਾਨ ਨਾ ਹੋਣਾ। ਅੰਦਰ ਅਡੋਲ ਹੋਈ ਜਾਣਾ, ਸਥਿਰ ਹੋਈ ਜਾਣਾ, ਅਕਾਲ ਪੁਰਖ (ਜੋ ਸਦਾ ਸਥਿਰ ਹੈ, "ਅਚਲ ਮੂਰਤਿ" ਹੈ) ਵਲ ਤੁਰੇ ਜਾਣਾ ਹੈ।

ਸਥਿਰਤਾ ਪ੍ਰਾਪਤੀ ਕਰਨੀ ਜੀਵਨ ਦਾ ਲਕਸ਼ ਹੈ, ਪ੍ਰਯੋਜਨ ਹੈ। ਇਸ ਨਾਲ ਅੰਦਰ ਉਹ ਸ਼ਕਤੀ ਆ ਜਾਂਦੀ ਹੈ ਜੋ ਮਨ ਦੇ ਵਿਕਾਰਾਂ ਪੁਰ ਹਾਵੀ ਹੋ ਜਾਂਦੀ ਹੈ ਅਤੇ ਇਸ ਨੂੰ ਨਿਰਮਲ ਕਰ ਦੇਂਦੀ ਹੈ। ਇਹ ਮਾਰਗ ਹੈ ਅਨੇਕਤਾ ਤੋਂ ਏਕਤਾ ਵਲ ਜਾਣ ਦਾ। ਵਾਸਤਵ ਵਿੱਚ ਜੋ ਵੀ ਨਜ਼ਰ ਆ ਰਿਹਾ ਹੈ ਉਹ ਇਕ ਹੀ ਹੈ, ਬਾਹਰੀ ਦ੍ਰਿਸ਼ਟੀ ਵਿੱਚ ਦੋ ਭਾਸਦੇ ਹਨ। ਗੁਰੂ ਸਾਹਿਬ ਜੀ ਦਾ ਅੰਕੜਾ ੧ ਲਗਾਉਣ ਦਾ ਭਾਵ ਇਹ ਹੀ ਹੈ ਕਿ ਜੋ ਕੁਝ ਹੈ, ਉਹ ਇਕ (੧) ਹੀ ਹੈ। ਇਸ ਰਾਜ਼ ਦੀ ਸਮਝ ਅਤੇ ਪ੍ਰਾਪਤੀ ਗੁਰੂ ਸ਼ਬਦ ਦੀ ਕਮਾਈ ਨਾਲ ਮਿਲਦੀ ਹੈ, ਐਵੇਂ ਨਹੀਂ।

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥
ਦੂਜੇ ਤੇ ਜੇ ਏਕੋ ਜਾਣੈ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰਬਾਣੀ ਜਾਂ ਗੁਰੂ ਦਾ ਸ਼ਬਦ ਕੀ ਹੈ ? ਇਹ ਹੈ ਅਕਾਲ ਪੁਰਖ ਦੀ ਆਵਾਜ਼, ਜੋ ਧੁਨੀ ਦੇ ਰੂਪ ਵਿੱਚ ਪ੍ਰਗਟ ਹੋਈ ਅਤੇ ਜਿਸ ਨੂੰ ਗੁਰੂ ਸਾਹਿਬ ਜੀ ਨੇ, ਜੋ ਅਕਾਲ ਪੁਰਖ ਨਾਲ ਇੱਕ ਮਿੱਕ ਸਨ, ਵਰਨਾਤਮਕ ਰੂਪ ਵਿੱਚ communicate (ਸੰਚਾਰ) ਕੀਤਾ ।

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਜੀ ਨੇ ਇਸ ਬਾਣੀ ਨੂੰ ਆਪਣੀ ਬਾਣੀ ਨਹੀਂ ਮੰਨਿਆ, ਬਲਕਿ ਇਸ ਨੂੰ ਖਸਮ ਦੀ

ਆਵਾਜ਼ ਕਿਹਾ ਹੈ । ਵਾਸਤਵ ਵਿੱਚ ਬਾਣੀ, ਗੁਰੂ ਦੁਆਰੇ ਅਕਾਲ ਪੁਰਖ ਦੇ ਹੁਕਮ ਰੂਪ ਵਿੱਚ ਵਿਅਕਤ ਹੋਈ ਹੈ, ਜਾਂ ਇੰਝ ਸਮਝੋ ਕਿ ਬਾਣੀ ਅਖਰਾਂ ਵਿੱਚ ਅਕਾਲ ਪੁਰਖ ਦਾ ਆਪਣਾ ਆਪੁ ਹੈ ।

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਮੂਲ ਮੰਤ੍ਰ ਦਾ ਰਹੱਸ

## ਮੂਲ ਮੰਤ੍ਰ ਕੀ ਹੈ?

ਇਹ ਗੁਰੂ ਸਾਹਿਬ ਜੀ ਦੇ ਅਨੁਭਵ ਦਾ ਵਿਸ਼ਲੇਸ਼ਣ ਹੈ। ਇਸ ਦਾ ਆਧਾਰ ੧ ਹੈ। ਏਕੇ (੧) ਦੀ ਬਣਤਰ ਦਰਸਾਂਦੀ ਹੈ ਕਿ ਸਿਫਰ (੦) ਦੇ ਥੱਲੇ ਇਕ ਲੀਕ ਹੈ। ਇਸ ਦਾ ਭਾਵ ਹੈ ਕਿ ਜਾਂ ਸਿਫਰ (੦) ਹੈ ਜਾਂ ਇਕ ਹੈ, ਹੋਰ ਕੁਝ ਨਹੀਂ। ਸਿਫਰ ਦਾ ਮਤਲਬ ਅਣਹੋਂਦ ਨਹੀਂ। ਬਲਕਿ ਇਸ ਦਾ ਭਾਵ ਉਸ ਅਵਸਥਾ ਤੋਂ ਹੈ ਜੋ ਹਸਤੀ ਨੇਸਤੀ ਤੋਂ ਪਰੇ ਹੈ, ਅਗੋਚਰ ਹੈ, ਅਕੱਥ ਹੈ, ਸ਼ਬਦਾਤੀਤ ਹੈ, "ਤੂੰ ਪਰੈ ਪਰੈ ਅਪਰੰਪਰ" ਹੈ।

ਤੂ ਪਰੈ ਪਰੈ ਅਪਰੰਪਰੁ ਸੁਆਮੀ
ਮਿਤਿ ਜਾਨਹੁ ਆਪਨ ਗਾਤੀ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਤਨਾ ਵਿਸਥਾਰ ਹੈ, ਉਹ ਸਭ ਏਕੇ ਤੋਂ ਹੈ । ਉਹ ਇਕ ਆਪ ਹੀ ਭਰਪੂਰ ਹੈ, ਵਿਆਪਕ ਹੈ, ਹੋਰ ਕੁਝ ਨਹੀਂ ।

ਏਕੋ ਏਕੁ ਰਹਿਆ ਭਰਪੂਰਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਏਕੋ ਏਕੁ ਵਰਤੈ ਹਰਿ ਲੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕੋਈ ਆਚਾਰੀਆ ਹੋਵੇ, ਕੋਈ ਪੀਰ ਪੈਗੰਬਰ ਹੋਵੇ, ਭਾਵੇਂ ਕੋਈ ਕਿਤਨਾ ਵੱਡਾ ਹੋਵੇ, ਕਿਸੇ ਦੀ ਦੇਹ ਨਹੀਂ ਰਹਿ ਸਕਦੀ ।

ਇਹ ਇਕ ਕੁਦਰਤ ਦਾ ਅਟਲ ਨਿਯਮ ਹੈ । ਪ੍ਰੰਤੂ ਹਰ ਮਹਾਂਪੁਰਸ ਦੀ ਵਿਚਾਰਧਾਰਾ, ਜੋ ਉਹ ਪਿਛੇ ਛਡ ਜਾਂਦਾ ਹੈ, ਉਸ ਦੀ ਮਹਾਨਤਾ, ਉਸ ਦੀ ਵੱਡਤਨ ਦਾ ਅੰਦਾਜ਼ਾ ਦੇਂਦੀ ਹੈ । ਮਹਾਂਪੁਰਸਾਂ ਦੇ outlook ਤਥਾ ਦ੍ਰਿਸ਼ਟੀਕੋਣ ਉਨ੍ਹਾਂ ਦੀ ਸ਼ਖਸੀਅਤ ਦਾ ਅਕਸ ਹੁੰਦੇ ਹਨ ।

ਮੂਲ ਮੰਤ੍ਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਵਿਚਾਰ ਦਾ, ਅਨੁਭਵ ਦਾ, ਪਰਕਾਸ਼ ਦਾ ਵਿਸ਼ਲੇਸ਼ਣ ਹੈ, ਅਕਸ ਹੈ ।

ਇਹ ਅਕਾਲ ਪੁਰਖ ਦੇ ਹੁਕਮ ਦਾ ਪਰਗਟਾ ਹੈ ਜੋ ਗੁਰੂ ਸਾਹਿਬ ਜੀ ਉੱਪਰ ਪ੍ਰਗਟ ਹੋਇਆ । ਭਾਵੇਂ ਹੁਕਮ ਬਿਆਨ ਤੋਂ ਬਾਹਰ ਦੀ ਚੀਜ਼ ਹੈ,

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫਿਰ ਭੀ ਮੂਲ ਮੰਤ੍ਰ ਕਿਸੇ ਹਦ ਤਕ ਉਸਨੂੰ signify (ਪ੍ਰਗਟ) ਕਰਦਾ ਹੈ, ਪ੍ਰਭੂ ਦੇ ਸਰੂਪ ਨੂੰ ਅਖਰਾਂ ਵਿੱਚ ਦਰਸਾਂਦਾ ਹੈ ।

ਉਹ ਪ੍ਰਭੂ ਆਪਣਾ ਹੁਕਮ ਸਭ ਨੂੰ ਘਲਦਾ ਰਹਿੰਦਾ ਹੈ । ਉਸ ਨੇ ਐਸੀ ਵਿਉਂਤ ਬਣਾਈ ਹੈ ਕਿ ਹਰ ਇਕ ਦੇ

ਨਾਲ ਉਸਦਾ ਹੁਕਮ ਰਹਿੰਦਾ ਹੈ, ਜੈਸੇ

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਵਾਲੀ ਤੁਕ ਤੋਂ ਸਪਸ਼ਟ ਹੈ। ਪਰ ਅਸੀਂ, ਆਮ ਕਰਕੇ, ਹੁਕਮ ਦੀ ਆਵਾਜ਼ ਵਲ ਰਜੂਹ ਨਹੀਂ ਹੁੰਦੇ, ਬਲਕਿ ਮਨ ਦੀ ਆਵਾਜ਼ ਮਗਰ ਲਗਦੇ ਹਾਂ। ਮਨਮੁਖ ਉਹ ਹੈ ਜੋ ਮਨ ਦੀ ਆਵਾਜ਼ ਮਗਰ ਚਲਦਾ ਹੈ, ਉਹੋ ਕੁਝ ਕਰਦਾ ਹੈ ਜੋ ਮਨ ਕਹਿੰਦਾ ਹੈ, ਜੋ ਅੰਦਰੋਂ ਚਾਹੁੰਦੇ ਹਨ।

ਮਨਮੁਖ ਦੇ ਉਲਟ ਗੁਰਮੁਖ ਹੈ। ਗੁਰਮੁਖ ਮਨ ਦੀ ਆਵਾਜ਼ ਮਗਰ ਨਹੀਂ ਲਗਦਾ; ਉਹ ਮਨ ਤੋਂ ਪਰੇ ਜੋ ਹੁਕਮ ਦੀ ਆਵਾਜ਼ ਹੈ, ਜੋ ਗੁਰੂ ਸਾਹਿਬ ਜੀ ਦੀ ਆਵਾਜ਼ ਹੈ, ਉਸ ਦੇ ਮਗਰ ਲਗਦਾ ਹੈ।

ਗੁਰਬਾਣੀ ਨਿਰੋਲ ਹੁਕਮ ਦੀ ਆਵਾਜ਼ ਦਾ ਪ੍ਰਗਟਾ ਹੈ ਜੋ ਗੁਰੂ ਸਾਹਿਬ ਜੀ ਨੂੰ ਧਿਆਨ ਸਮੇਂ ਸਫੁਰ ਹੋਈ ਅਤੇ

ਉਨ੍ਹਾਂ ਨੇ ਬੋਲੀ ਦੇ ਰੂਪ ਵਿੱਚ communicate (ਸੰਚਾਰ) ਕੀਤੀ। ਗੁਰੂ ਸਾਹਿਬ ਜੀ ਦੇ ਆਪਣੇ ਕਥਨ ਅਨੁਸਾਰ ਇਹ ਹੈ :

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ ਗੁਰਬਾਣੀ ਦੀ ਆਗਿਆ ਹੇਠ ਚਲਣਾ ਅਕਾਲ ਪੁਰਖ ਦੇ ਹੁਕਮ ਅੰਦਰ ਚਲਣਾ ਹੈ। ਜੇ ਕੋਈ ਲਗਾਤਾਰ ਮਨ ਦੀ ਆਵਾਜ਼ ਨੂੰ ਨਾ ਸੁਣੇ, ਤਾਂ ਇਹ ਬੰਦ ਹੋ ਜਾਂਦੀ ਹੈ।

ਜਿਹੜਾ ਲਗਾਤਾਰ ਗੁਰੂ ਸਾਹਿਬ ਜੀ ਦੇ ਬਚਨ ਦੀ ਪਾਲਣਾ ਕਰਦਾ ਹੈ, ਉਸਨੂੰ ਧਾਰਨ ਕਰਦਾ ਹੈ, ਤਾਂ ਉਸ ਦੀ ਅੰਤ੍ਰੀਵ ਰੱਬੀ ਆਵਾਜ਼ ਜਾਂ God's inner voice ਜਾਗ ਪੈਂਦੀ ਹੈ।

ਇਸ ਦੇ ਅਪਣਾਣ ਵਾਲੇ ਨੂੰ, ਗੁਰੂ ਸਾਹਿਬ ਜੀ ਉਥੇ ਲੈ ਜਾਂਦੇ ਹਨ ਜਿਥੇ ਉਹ ਆਪ ਹਨ। ਗੁਰੂ ਸਾਹਿਬ ਜੀ ਆਪ ਅਕਾਲ ਪੁਰਖ ਨਾਲ ਇਕ ਮਿਕ ਹਨ।

ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ ਸਿੱਖ ਭੀ ਸਮਾਂ ਪਾ ਕੇ, ਪ੍ਰਭੂ ਨਾਲ ਇਕ ਮਿਕ ਹੋ ਸਕਦਾ ਹੈ।

ਜੋ ਆਪਾ ਛਡ ਕੇ, ਮਨ ਦੀ ਮਤ ਨੂੰ ਛਡਕੇ, ਗੁਰੂ ਸਾਹਿਬ ਜੀ ਦੀ ਮਤ ਹੇਠ ਆ ਜਾਂਦਾ ਹੈ, ਉਹ ਅਕਾਲ ਪੁਰਖ ਦੀ ਨਦਰ ਸਾਇਆ ਹੇਠ ਆ ਜਾਂਦਾ।

ਆਪਾ ਮਿਟਾਣ ਲਈ ਗੁਰਬਾਣੀ ਦਸਦੀ ਹੈ :

ਗੁਰ ਕੈ ਬਚਨਿ ਮਿਟਾਵਹੁ ਆਪੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਨਮ ਸਾਖੀ ਅਨੁਸਾਰ, ਅਕਾਲ ਪੁਰਖ ਦਾ ਹੁਕਮ ਹੋਇਆ:

ਨਾਨਕ,
ਜਿਸ ਉਪਰਿ ਤੇਰੀ ਨਦਰਿ, ਤਿਸ ਉਪਰ ਮੇਰੀ ਨਦਰਿ ।
ਜਿਸ ਉਪਰ ਤੇਰਾ ਕਰਮ, ਤਿਸ ਉਪਰ ਮੇਰਾ ਕਰਮ ।
ਮੇਰਾ ਨਾਉਂ ਪਾਰਬ੍ਰਹਮ, ਤੇਰਾ ਨਾਉਂ ਗੁਰ ਪ੍ਰਮੇਸਰ ।
(ਪੁਰਾਤਨ ਜਨਮ ਸਾਖੀ)

ਇਸ ਕਰਕੇ ਬਾਣੀ ਬਾਰ ਬਾਰ ਸਿਫਾਰਸ਼ ਕਰਦੀ ਹੈ ਕੇ

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ
ਮਨ ਨਿਮਾਣਾ ਹੋਇ ਰਹੁ ॥੭॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਹੜਾ ਸੂਰਜ ਵਲ ਜਾਇ, ਉਸ ਨੂੰ ਚਾਨਣ ਮਿਲਦਾ ਹੈ । ਜਿਹੜਾ ਚਸ਼ਮੇ ਵਲ ਜਾਇ, ਉਸ ਨੂੰ ਠੰਡਕ ਮਿਲਦੀ ਹੈ । ਤਿਵੇਂ ਜਿਹੜਾ ਪ੍ਰਭੂ ਦੀ ਨਦਰ ਦੇ ਸਾਇ ਹੇਠ ਜਾਂਦਾ

ਹੈ, ਉਸਨੂੰ ਗਿਆਨ ਮਿਲਦਾ ਹੈ, ਅਨੰਦ ਮਿਲਦਾ ਹੈ, ਜ਼ਿੰਦਗੀ ਮਿਲਦੀ ਹੈ ।

ਪ੍ਰਭੂ ਦੀ ਨਦਰ ਵਲ ਜਾਣਾ ਕੀ ਹੈ ? ਇਹ ਅੰਦਰ ਆਪਣੇ ਕੇਂਦਰ ਵਲ ਰੁਖ ਕਰਨਾ ਹੈ । ਉਸਦੀ ਨਦਰ ਹਰ ਜਗਹ, ਹਰ ਸਮੇਂ ਮੌਜੂਦ ਹੈ । ਜਿਹੜਾ ਉਸ ਦੀ ਨਦਰ ਥੱਲੇ ਰਹਿੰਦਾ ਹੈ, ਉਹ ਸੁਖੀ ਰਹਿੰਦਾ ਹੈ। ਜਿਹੜਾ ਆਪਾ ਠਾਨਣਾ ਹੈ, ਉਹ ਨਦਰ ਦੇ ਰਾਹ ਵਿੱਚ ਬਾਧਾ ਪਾਉਣਾ ਹੈ, ਰੁਕਾਵਟ ਪਾਉਣਾ ਹੈ । ਇਹ ਇਸ ਤਰ੍ਹਾਂ ਹੈ ਜਿਵੇਂ ਧੁੱਪ ਦੇ ਹੁੰਦੇ ਸੁੰਦੇ, ਕੋਈ ਖਿੜਕੀ ਦਾ ਦਰਵਾਜਾ ਬੰਦ ਕਰਕੇ ਸੂਰਜ ਦੀ ਪਰਕਾਸ਼ਮਈ ਕਿਰਨ ਨੂੰ ਅੰਦਰ ਆਉਣੋ ਰੋਕੇ । ਆਪਾ ਠਾਨਣਾ ਰੋਕ ਪਾਉਣਾ ਹੈ ।

ਇਸੇ ਲਈ ਗੁਰਬਾਣੀ ਕਹਿੰਦੀ ਹੈ :

ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥੨॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਵੇਂ ਪਾਣੀ ਉੱਪਰ ਕਾਈ ਆ ਜਾਇ ਤਾਂ ਪਾਣੀ ਢਕਿਆ ਜਾਂਦਾ ਹੈ, ਤਿਵੇਂ ਆਪਾ ਆਤਮਾ ਪੁਰ ਕਾਈ ਹੈ। ਪਰ ਜਿਵੇਂ ਸਿਆਣਾ ਆਦਮੀ ਕਾਈ ਨੂੰ ਪਰੇ ਹਟਾ ਕੇ ਪਾਣੀ ਪੀ ਲੈਂਦਾ ਹੈ, ਤਿਵੇਂ ਗੁਰਮੁਖ ਆਪਾ ਚੀਨ ਕੇ ਆਤਮਾ ਸਾਖਸ਼ਾਤ ਕਰ ਲੈਂਦਾ ਹੈ, ਪ੍ਰਭੂ ਦੀ ਨਦਰ ਪ੍ਰਾਪਤ ਕਰ ਲੈਂਦਾ ਹੈ।

ਨਾਮ ਜਪਣ ਨਾਲ ਆਪਾ ਰੂਪੀ ਕਾਈ ਆਤਮਾ ਦੇ ਉੱਪਰੋਂ ਹਟ ਜਾਂਦੀ ਹੈ। ਇਹ ਸਾਧਨ ਹੈ ਆਪਾ ਗੁਆਉਣ ਦਾ, ਅਤੇ ਅੰਦਰ ਪ੍ਰਭੂ ਦੀ ਹੋਂਦ ਵਿੱਚ ਲੀਨ ਹੋਣ ਦਾ, ਆਪਣੇ ਕੇਂਦਰ ਤਕ ਅਪੜਨ ਦਾ। ਹਉਮੈ ਗਈ ਤਾਂ ਪ੍ਰਭੂ ਆਏ।

ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰਾਏ ਔਗੁਣ ਤੱਕਣ ਨਾਲ, ਪਰਾਈਆਂ ਵਸਤੂਆਂ ਵਿੱਚ ਧਿਆਨ ਕਰਨ ਨਾਲ, ਅੰਦਰਲੀ ਤਰੱਕੀ ਰੁਕ

ਜਾਂਦੀ ਹੈ । ਇਸੇ ਲਈ ਨਿੰਦਾ ਨੂੰ ਸ਼੍ਰੋਮਣੀ ਔਗੁਣ ਮੰਨਿਆ ਗਿਆ ਹੈ, ਜੋ ਨਰਕਾਂ ਦਾ ਰਾਹ ਹੈ ।

ਮੁਹ ਕਾਲੇ ਤਿਨ ਨਿੰਦਕਾ
ਨਰਕੇ ਘੋਰਿ ਪਵੰਨਿ ॥੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਾਖੰਡ ਤੇ ਨਿੰਦਾ ਦੋ ਐਸੇ ਔਗੁਣ ਹਨ ਜੋ ਬਖਸ਼ੇ ਨਹੀਂ ਜਾਂਦੇ ਅਤੇ ਜਿਹੜੇ ਨਦਰ ਕਰਮ ਅਗੇ ਰੋਕ ਹਨ । ਇਸ ਲਈ ਇਹਨਾਂ ਤੋਂ ਪਰਹੇਜ਼ ਕਰੋ, ਇਹਨਾਂ ਤੋਂ ਬਚੋ । ਬਚਨ ਦਾ ਇਕੋ ਇਕ ਤਰੀਕਾ ਹੈ – ਸਭ ਸਮਗਰੀ, ਸਭ ਜੀਅ ਜੰਤੂ ਨੂੰ ਪ੍ਰਭੂ ਦੇ ਬਣਾਇ ਹੋਇ ਸਮਝ ਕੇ ਸਭ ਨਾਲ ਸਚੀ ਪ੍ਰੀਤ ਕਰਨੀ । ਸਭ ਵਿੱਚ ਕਰਤਾਰ ਨੂੰ ਵਿਆਪਕ ਜਾਣ ਕੇ ਨਾ ਕਿਸੇ ਦੇ ਔਗੁਣ ਘੋਖੋ ਅਤੇ ਨਾ ਕਿਸੇ ਨੂੰ ਧੋਖਾ ਦਿਉ । ਨਦਰ ਕਰਮ ਦਾ, ਪ੍ਰਭੂ ਪ੍ਰਾਪਤੀ ਦਾ ਰਹੱਸ, secret, ਇਕ ਸ਼ਬਦ ਵਿੱਚ ਹੈ: ਪ੍ਰੀਤ, ਪਿਆਰ, Love, ਇਸ਼ਕ ।

ਸਾਚੁ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥

~ ਸ੍ਰੀ ਦਸਮ ਗ੍ਰੰਥ ਸਾਹਿਬ ਜੀ ~

ਗੁਰਮੁਖਿ ਸਚੀ ਆਸਕੀ
ਜਿਤੁ ਪ੍ਰੀਤਮੁ ਸਚਾ ਪਾਈਐ ॥
ਅਨਦਿਨੁ ਰਹਹਿ ਅਨੰਦਿ
ਨਾਨਕ ਸਹਜਿ ਸਮਾਈਐ॥੧੦॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਿਆਰ ਵਿੱਚ ਗਇਆਂ, ਭਗਤੀ ਭਾਵ ਵਿੱਚ ਜੀਵਿਆਂ ਆਪਾ ਨਾਸ਼ ਹੁੰਦਾ ਹੈ, ਹਉਮੈ ਦੀ ਮੈਲ ਕਟੀਂਦੀ ਹੈ, ਨਦਰ ਕਰਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਅੰਦਰ ਗੁਰਪ੍ਰਸਾਦਿ ਦੀ ਵਡਿਆਈ ਜਾਗਦੀ ਹੈ । ਗੁਰਪ੍ਰਸਾਦਿ ਦਾ ਖਿਆਲ ਮੂਲ ਮੰਤ੍ਰ ਦਾ ਇਕ ਵਿਸ਼ੇਸ਼ ਅੰਗ ਹੈ ।

# ਸਿੱਖੀ ਤੇ ਕਥਾ ਕੀਰਤਨ

ਸਿੱਖ ਜਨਮ ਕਰਕੇ ਨਹੀਂ, ਇਤਕਾਦ ਕਰਕੇ ਹੈ, conviction ਕਰਕੇ ਹੈ, ਰਹਿਣੀ ਕਰਕੇ ਹੈ। ਉਹ ਸਿੱਖ ਹੈ ਜੋ ਗੁਰੂ ਸਾਹਿਬ ਜੀ ਦੀ ਸਿਖਸ਼ਾ ਨੂੰ ਸਮਝਦਾ ਹੈ ਅਤੇ ਧਾਰਨ ਕਰਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਹਿਲਾਂ, ਜੋਗੀ ਵੀ ਗੁਰੂ ਗੋਰਖਨਾਥ ਦੇ ਸਿੱਖ ਬਣਦੇ ਤੇ ਬਣਾਂਦੇ ਸਨ । ਪਿੰਡ ਤੇ ਸੁਆਹ ਮਲਣੀ, ਕੰਨ ਪੜਵਾਣੇ, ਘਰ ਘਾਟ ਤਿਆਗ ਦੇਣਾ – ਇਹ ਲੱਛਨ ਸਨ ਗੁਰੂ ਗੋਰਖ ਨਾਥ ਦਾ ਸਿੱਖ ਹੋਣ ਦੇ ।

ਪਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਐਸਾ ਨਹੀਂ ਮੰਨਿਆ । ਗੁਰਮਤ ਵਿੱਚ ਦੇਹ ਗੁਰੂ ਨਹੀਂ, ਸ਼ਬਦ ਗੁਰੂ ਹੈ – ਜੋ ਅੰਦਰ ਹੈ ਅਤੇ ਪਰਕਾਸ਼ ਦੇ ਰਿਹਾ ਹੈ ।

ਅਭਿਆਸ ਕਰਨਾ ਹੈ, ਆਪਣੇ ਅੰਦਰ ਕੇਂਦਰ ਕਾਇਮ ਕਰਨ ਲਈ, ਆਪਾ ਚੀਨਣ ਲਈ, know thyself ਲਈ, ਤਾਂ ਕਿ ਅੰਦਰ ਪਰਕਾਸ਼ ਹੋ ਜਾਇ, ਗੁਰੂ ਪ੍ਰਗਟ ਹੋ ਜਾਇ ।

ਇਹ ਗੁਰਮਤ ਦਾ ਮਾਰਗ ਹੈ, ਇਹ ਸਿਖੀ ਦਾ ਲਕਸ਼ ਹੈ, ਇਹ ਵਡਤਣ ਹੈ ।

ਨਾਨਕ ਚੀਨੈ ਆਪ ਕਉ
ਸੋ ਅਪਰ ਅਪਾਰਾ ॥੮॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਮਾਰਗ ਵਿੱਚ ਤਿੰਨ ਵਡੇ ਪੜਦੇ ਜਾਂ ਰੁਕਾਵਟਾਂ ਹਨ:

੧. ਰਜੋਗੁਣ
੨. ਤਮੋਗੁਣ
੩. ਸਤੋਗੁਣ

ਸਭ ਪਸਾਰੇ ਦਾ ਬੀਜ ਰੂਪ ਪ੍ਰਭੂ ਆਪ ਹੈ। ਜਿਵੇਂ ਬਹੁੜ ਦਾ ਦਰਖਤ ਹੁੰਦਾ ਹੈ; ਉਸ ਦੇ ਪਸਾਰੇ ਦਾ ਕਾਰਨ ਰੂਪ ਬੀਜ ਹੁੰਦਾ ਹੈ। ਮੁੜ ਪੇੜ ਵਿੱਚੋਂ ਹੀ ਫਲ (ਬੀਜ) ਨਿਕਲਦਾ ਹੈ। ਬੀਜ ਕਾਰਨ ਹੈ ਪੇੜ ਦਾ ਜਾਂ ਪੇੜ ਕਾਰਨ ਹੈ ਬੀਜ ਦਾ ?

ਇਸ ਦਾ ਨਿਰਣਾ ਕਰਨਾ ਔਖਾ ਹੈ। ਤਿਵੇਂ ਇਹ ਤ੍ਰਿਗੁਣੀ ਪਸਾਰਾ ਹੈ। ਪ੍ਰਭੂ ਕਾਰਨ ਹੈ ਪਸਾਰੇ ਦਾ। ਪਰ ਜੇ ਪਸਾਰਾ ਨਾ ਹੋਵੇ ਤਾਂ ਪ੍ਰਭੂ ਦੀ ਭਾਲ ਕਿਥੇ ਹੋਵੇਂ ?

ਦ੍ਰਿਸ਼ਟਾਂਤ ਵਾਸਤੇ ਪੇੜ ਦੀ ਕਾਠ ਤਮੋਗੁਣ ਸਮਝੋ, ਪੱਤੇ ਰਜੋਗੁਣ ਅਤੇ ਫੁਲ ਸਤੋਗੁਣ। ਕੀ ਕਾਠ ਵਿੱਚੋਂ ਫਲ ਨਿਕਲ ਆਵੇਗਾ? ਜਾਂ ਕੀ ਪੱਤ੍ਰ ਫਲ ਦੇ ਸਕਦੇ ਹਨ? ਜਾਂ ਕੀ ਫੁਲਾਂ ਵਿੱਚੋਂ ਫਲ ਕਢ ਸਕਦੇ ਹਾਂ? ਇਹ ਨਹੀਂ ਹੋ ਸਕਦਾ। ਤਿਵੇਂ ਤਿੰਨਾਂ ਗੁਣਾ ਵਿੱਚ ਪ੍ਰਭੂ ਨਹੀਂ ਮਿਲਦਾ।

ਭਾਵੇਂ ਸਤੋਗੁਣ ਬਿਰਤੀ ਉੱਚੀ ਅਵਸਥਾ ਹੈ, ਪਰ ਹੈ ਇਹ ਵੀ ਰੁਕਾਵਟ । ਜੇ ਪ੍ਰਭੂ ਦੀ ਪ੍ਰਾਪਤੀ ਚਾਹੁੰਦੇ ਹੋ, ਤਾਂ ਬਿਰਤੀ ਨੂੰ ਤਿੰਨਾਂ ਗੁਣਾ ਦੇ ਪਸਾਰੇ ਵਿੱਚੋਂ ਕਢੋ ।

ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮਨ ਨੂੰ ਮਾਇਆ ਨੇ ਭ੍ਰਮਾਇਆ ਹੋਇਆ ਹੈ ਜਿਸ ਕਰਕੇ ਤ੍ਰੈਗੁਣੀ ਪਸਾਰੇ ਤੋਂ ਬਿਰਤੀ ਉੱਪਰ ਨਹੀਂ ਜਾਂਦੀ ।

ਭ੍ਰਮਾਣ ਵਾਲੀ ਸ਼ਕਤੀ ਦਾ ਨਾਮ ਮਾਇਆ ਹੈ । ਇਸ ਮਾਇਆ ਵਿੱਚੋਂ ਨਿਕਲਣ ਲਈ ਇਹ ਦੋ ਸਾਧਨ ਸਹਾਇਕ ਹੁੰਦੇ ਹਨ:

੧. ਕੀਰਤਨ

੨. ਕਥਾ

ਪਹਿਲਾ ਹੈ ਕੀਰਤਨ; ਰਲ ਮਿਲ ਕੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਰਤਨ ਕਰਨਾ। ਸ੍ਰੀ ਮਾਨ ਸੰਤ ਅਤਰ ਸਿੰਘ ਜੀ ਕਿਹਾ ਕਰਦੇ ਸਨ ਕਿ ਜਾਂ ਤਾਂ ਗੂੜ੍ਹੇ ਰਾਗਾਂ ਵਿੱਚ ਕੀਰਤਨ ਕਰੋ, ਨਹੀਂ ਫੇਰ ਰਲ ਮਿਲ ਕੇ ਸਾਦੀਆਂ ਤੇ ਸਿਧੀਆਂ ਧਾਰਨਾ ਵਿੱਚ। ਐਸਾ ਕੀਰਤਨ ਮਨ ਦੀਆਂ ਸੁਤੀਆਂ ਹੋਈਆਂ ਤ੍ਰੰਗਾਂ (vibrations) ਨੂੰ ਉਭਾਰਦਾ ਹੈ।

ਕਈ ਪੁਛਦੇ ਹਨ, ਸ਼ਬਦ ਕੀਰਤਨ ਦਾ ਕੀ ਲਾਭ ਹੈ? ਉਹਨਾਂ ਪ੍ਰਤੀ ਸੁਆਲ ਹੈ: ਆਪ ਲਾਭ ਕਿਸ ਨੂੰ ਕਹਿੰਦੇ ਹੋ ? ਕੀ ਪੈਸੇ ਟਕੇ ਨੂੰ ?

ਸ਼ਬਦ ਕੀਰਤਨ ਦਾ ਮੁਖ ਲਾਭ ਇਹ ਹੈ ਕਿ ਸ਼ਾਂਤੀ ਮਿਲਦੀ ਹੈ।

ਧਨ, ਪਦਾਰਥਾਂ ਨਾਲ ਸ਼ਾਂਤੀ ਨਹੀਂ ਮਿਲਦੀ। ਕੀ ਧਨੀ ਲੋਕ ਮਨ ਕਰਕੇ ਸ਼ਾਂਤ ਹਨ? ਸਾਡਾ ਹਰ ਪ੍ਰਕਾਰ ਦੇ ਲੋਕਾਂ ਨਾਲ ਵਾਹ ਪੈਂਦਾ ਹੈ।

ਵਡੇ ਵਡੇ ਧਨਾਢਾਂ ਨਾਲ, ਕਰਨੈਲਾਂ ਨਾਲ, ਜਰਨੈਲਾਂ

ਨਾਲ। ਸਾਡਾ ਤਾਂ ਇਹ ਤਜਰਬਾ ਹੈ ਕਿ ਐਸੇ ਸਭ ਲੋਕ ਅੰਦਰੋਂ ਅਸ਼ਾਂਤ ਹਨ, ਦੁਖੀ ਹਨ; ਕੋਈ ਕਿਸੇ ਗੱਲੇ ਅਤੇ ਕੋਈ ਕਿਸੇ ਗੱਲੇ।

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥
ਕਲਮ ਕਾਗਦ ਸਿਆਨਪ ਲੇਖੀ ॥
ਮਹਰ ਮਲੂਕ ਹੋਇ ਦੇਖਿਆ ਖਾਨ ॥
ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਭੂ ਕੀਰਤਨ ਵਿੱਚ ਜੁੜਿਆ ਮਨ ਅਸ਼ਾਂਤ ਨਹੀਂ ਹੁੰਦਾ।

ਕੀਰਤਨ ਵਿੱਚ ਜੁੜਨ ਤੋਂ ਮੁਰਾਦ ਹੈ ਸੁਰਤ ਦਾ ਸ਼ਬਦ ਵਿੱਚ ਲੀਨ ਹੋ ਜਾਣਾ। ਜਿਉਂ ਜਿਉਂ ਇਸ ਦਾ ਅਭਿਆਸ ਵਧੇਗਾ, ਤਿਉਂ ਤਿਉਂ ਮਨ ਸ਼ਾਂਤੀ ਨੂੰ ਪ੍ਰਾਪਤ ਕਰੇਗਾ।

ਪਹਿਲੇ ਪਹਿਲੇ ਮਨ ਦੀਆਂ ਬਿਰਤੀਆਂ ਨੂੰ ਬਾਹਰਲੇ ਸ਼ਬਦ ਕੀਰਤਨ ਨਾਲ ਜੋੜੀਦਾ ਹੈ ।

ਸਮਾਂ ਪਾ ਕੇ ਅੰਦਰ ਧੁਨ ਜਾਗ ਪਏ ਜੋ ਸਾਰੇ ਬ੍ਰਹਮੰਡ ਵਿੱਚ ਹੋ ਰਹੀ ਹੈ ਤਾਂ ਫੇਰ ਸੁਰਤ ਨੂੰ ਉਸ ਵਿੱਚ ਜੋੜੀਦਾ ਹੈ । ਫੇਰ ਅੰਦਰ ਖਿੱਚ ਪੈਂਦੀ ਹੈ । ਬਿਰਤੀ ਵਿੱਚ ਟਿਕਾਓ ਆ ਜਾਂਦਾ ਹੈ ।

ਕਰਿ ਕੀਰਤਨੁ ਮਨੁ ਸੀਤਲ ਭਏ ॥
ਜਨਮ ਜਨਮ ਕੇ ਕਿਲਵਿਖ ਗਏ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦੂਸਰਾ ਸਾਧਨ ਹੈ ਕਥਾ ਵਿਚਾਰ; ਕਥਾ ਦਾ ਭਾਵ ਹੁੰਦਾ ਹੈ ਉੱਚੇ ਤੇ ਸੁੱਚੇ ਵਿਚਾਰ ਕਿਸੇ ਨਾ ਕਿਸੇ ਸ਼ਕਲ ਵਿੱਚ ਸਾਹਮਣੇ ਲਿਆਇ ਜਾਣ, ਤਾਂ ਕਿ ਮਾਨਸਕ ਅਥਵਾ ਆਤਮਕ ਭੁਖ ਦੀ ਤ੍ਰਿਪਤੀ ਹੋ ਸਕੇ । ਮਨੁੱਖ ਨੂੰ ਜਿਵੇਂ ਸਰੀਰਕ ਭੁਖ ਲਗਦੀ ਹੈ ਅਤੇ ਉਸ ਦੀ ਤ੍ਰਿਪਤੀ ਲਈ

ਅੰਨ ਪਾਣੀ ਵਰਤੇ ਜਾਂਦੇ ਹਨ ਇਸੀ ਤਰ੍ਹਾਂ ਮਨ ਵੀ ਭੁੱਖ ਪਰਤੀਤ ਕਰਦਾ ਹੈ ।

ਮਨ ਦੀ ਭੁੱਖ ਵਿਚਾਰਾਂ ਦੀ ਭੁੱਖ ਹੁੰਦੀ ਹੈ । ਇਸ ਨੂੰ ਚੰਗੇ ਵਿਚਾਰ ਮਿਲਦੇ ਰਹਿਣ ਤਾਂ ਫਿਰ ਨਰੋਆ ਰਹਿੰਦਾ ਹੈ, ਬਲਵਾਨ ਬਣਦਾ ਹੈ । ਮਨ ਦਾ ਸੁਭਾਵ ਹੈ ਕਲਪਨਾ ਕਰਨਾ । ਜੇ ਚੰਗੇ ਵਿਚਾਰ ਨਾ ਦਿਉਗੇ ਤਾਂ ਉਹ ਮੰਦੇ ਵਿਚਾਰ ਲਵੇਗਾ । ਮੰਦੇ ਵਿਚਾਰਾਂ ਨਾਲ ਮਨ ਗੰਦਾ ਅਤੇ ਕਮਜ਼ੋਰ ਹੋ ਜਾਂਦਾ ਹੈ ।

ਜਿਹੜੇ ਮਨ ਪੁਰ ਪਹਿਰਾ ਨਹੀਂ ਦੇਂਦੇ, ਉਹਨਾਂ ਦੇ ਮਨ ਵਿਕਾਰੀ ਅਤੇ ਕਮਜ਼ੋਰ ਹੋ ਜਾਂਦੇ ਹਨ ਜਿਸ ਕਰਕੇ ਜੀਵਨ ਮਾੜਾ ਤੇ ਬੇਰਸ ਹੋ ਜਾਂਦਾ ਹੈ ।

ਕਥਾ ਵਾੜ ਦਾ ਕੰਮ ਕਰਦੀ ਹੈ, ਸ਼ੁਭ ਵਿਚਾਰਾਂ ਨਾਲ ਮਨ ਨੂੰ ਭਰਪੂਰ ਰਖਦੀ ਹੈ ਅਤੇ ਇਸ ਤਰ੍ਹਾਂ ਜੀਵ ਨੂੰ ਮਾੜੇ ਖਿਆਲਾਂ ਤੋਂ ਬਚਾ ਕੇ ਚੰਗੇ ਕਰਮਾਂ ਵਲ ਲਾਈ ਰਖਦੀ ਹੈ ।

ਕਥਾ ਦੇ ਦੋ ਅੰਗ ਹੁੰਦੇ ਹਨ । ਇਕ ਸਿਧਾਂਤ, ਦਰਸ਼ਨ ਅਥਵਾ ਫਿਲਸਫਾ ਅਤੇ ਦੂਜਾ ਸਾਖੀਆਂ ਅਥਵਾ history, ਇਤਿਹਾਸ । ਸ੍ਰੇਸ਼ਟ ਅੰਗ ਪਹਿਲਾ ਹੈ ਭਾਵ ਸਿਧਾਂਤ ਹੈ । ਸਹੀ ਲਾਭ ਤਦ ਹੁੰਦਾ ਹੈ ਜੇ ਸਿਧਾਂਤ ਪੇਸ਼ ਕਰਨ ਵਾਲਾ, ਵਿਚਾਰ ਦੇਣ ਵਾਲਾ ਆਮਿਲ ਹੋਵੇ ।

ਗੱਲਾਂ ਬਾਤਾਂ ਨਾਲ ਅੰਦਰ ਉੱਚ ਰੁਚੀਆਂ ਨਹੀਂ ਜਾਗਦੀਆਂ ।

ਙੰਙਾ ਙਿਆਨੁ ਨਹੀ ਮੁਖ ਬਾਤਉ ॥
ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੋ ਸਾਖੀਆਂ ਅਥਵਾ history ਹੈ, ਇਹ ਸਿਧਾਂਤ ਦਰਸ਼ਨ ਦਾ ਤਤ ਹੁੰਦਾ ਹੈ, substance ਹੁੰਦਾ ਹੈ । ਇਹ ਭੀ ਉੱਚੀਆਂ ਰੁਚੀਆਂ ਅਥਵਾ instincts ਉਭਾਰਨ ਵਿੱਚ ਸਹਾਈ ਹੁੰਦੀਆਂ ਹਨ । Instinct ਜਾਂ ਕੁਦਰਤੀ ਸੂਝ ਤਾਂ ਸਭ ਵਿੱਚ ਹੈ, ਕੀ ਪਸ਼ੂ ਕੀ ਪੱਥਰ ਤੇ ਕੀ ਮਨੁਖ । ਪ੍ਰੰਤੂ ਪੱਥਰ ਅਤੇ ਪਸ਼ੂਆਂ ਦੇ instincts (ਸੂਝਾਂ) ਜਗਾਏ ਨਹੀਂ ਜਾ ਸਕਦੇ । ਇਹ ਹੀ ਫਰਕ ਹੈ ।

ਕਥਾ ਆਧਾਰ ਬਣਦੀ ਹੈ ਵਿਚਾਰ ਦੀ । ਜੇ ਜ਼ਾਤੀ ਤਜਰਬੇ ਤੋਂ ਬਿਨਾਂ ਗੱਲ ਬਾਤ ਕੀਤੀ ਜਾਵੇ ਅਤੇ first person (ਉਤਮ ਪੁਰਖ) ਵਿੱਚ ਵਿਚਾਰ ਪੇਸ਼ ਕੀਤੇ ਜਾਣ, ਤਾਂ ਹਉਮੇ ਲਿਪਤ ਹੋਣਾ ਹੁੰਦਾ ਹੈ ।

ਕਥਾ ਇਸ ਤੋਂ ਬਚਾਂਦੀ ਹੈ ਕਿਉਂਕਿ ਅਗੇ ਮੂਹਰੇ ਪੂਰਨ ਪੁਰਸ਼ ਅਥਵਾ ਸਤਿਗੁਰੂ ਦੀ ਜੀਵਨੀ ਹੁੰਦੀ ਹੈ ਜਿਸ ਦੇ ਅਧਾਰ ਤੇ ਵਿਚਾਰ ਕੀਤੀ ਜਾਂਦੀ ਹੈ ।

ਕਥਾ ਵਿੱਚ ਚਲ ਰਿਹਾ ਪਰਸੰਗ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਤਾ ਦਾ ਸੰਬਾਧ ਹੈ । ਜਾਂ ਇੰਝ ਜਾਣੋ ਕਿ ਦੋ ਬਿਰਤੀਆਂ ਦਾ ਸੰਬਾਧ ਹੈ । ਇਕ ਗਿਆਨ ਬਿਰਤੀ, ਦੂਜੀ ਅਗਿਆਨ ਬਿਰਤੀ; ਇਕ ਨਿਰਮੋਹ ਬਿਰਤੀ, ਦੂਜੀ ਮੋਹ ਬਿਰਤੀ ।

ਗਿਆਨ ਬਿਰਤੀ ਤਾਂ ਮਨੁੱਖ ਨੂੰ ਪ੍ਰੇਰਦੀ ਹੈ ਕਿ ਸੰਸਾਰ ਵਿੱਚੋਂ ਕੋਈ ਉੱਚੀ ਵਸਤੂ ਨੂੰ ਲਭੋ; ਪਰ ਅਗਿਆਨ ਬਿਰਤੀ ਬਾਰ ਬਾਰ ਸੰਸਾਰ ਦੇ ਮੋਹ ਵਿੱਚ ਲਿਆਉਂਦੀ ਹੈ ।

ਗੁਰੂ ਸਾਹਿਬ ਜੀ ਸਿੱਖ ਨੂੰ ਪੱਕੇ ਪੁਰਸ਼ਾਂ ਦੀ ਦ੍ਰਿਸ਼ਟੀ ਪਰਦਾਨ ਕਰਦੇ ਹਨ ।

ਦੋ ਕਿਸਮ ਦੇ ਪੁਰਸ਼ ਹੁੰਦੇ ਹਨ: ਕੱਚੇ ਤੇ ਪੱਕੇ । ਕੱਚੇ ਪੁਰਸ਼ਾਂ ਲਈ ਇਹ ਜੜ ਪਦਾਰਥਾਂ ਦੀ ਦੁਨੀਆ ਹੀ ਸਭ ਕੁਝ ਹੈ, ਉਹ ਆਪਣੀ ਬਿਰਤੀ ਨੂੰ ਜੜ ਪਦਾਰਥਾਂ ਵਿੱਚ ਹੀ ਫਸਾਈ ਰੱਖਦੇ ਹਨ ।

## ਪੱਕੇ ਪੁਰਸ਼ਾਂ ਦੀ ਦ੍ਰਿਸ਼ਟੀ ਵਿੱਚ :

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

## ਜਿਸ ਵਿੱਚ :

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕੱਚੇ ਪੁਰਸ਼ਾਂ ਦੀ ਦ੍ਰਿਸ਼ਟੀ ਸਿਮਿਤ ਹੁੰਦੀ ਹੈ, ਖੁਦਗਰਜ਼ੀ ਵਾਲੀ ਹੁੰਦੀ ਹੈ । ਜਿਸ ਦਿਨ ਤੁਹਾਡੇ ਨਾਲ ਕੋਈ ਗਰਜ਼ ਨਹੀਂ, ਤੁਹਾਨੂੰ ਛਡ ਜਾਣਗੇ ।

ਪ੍ਰੰਤੂ ਪੱਕੇ ਪੁਰਸ਼ਾਂ ਦੀ ਦ੍ਰਿਸ਼ਟੀ ਐਸੀ ਨਹੀਂ ਹੁੰਦੀ । ਉਹਨਾਂ ਦੀ ਦ੍ਰਿਸ਼ਟੀ ਅਸੀਮਿਤ ਹੁੰਦੀ ਹੈ, ਉਹ ਜੀਉਂਦੇ ਤਾਂ ਕੀ, ਮਰਨ ਪਿਛੋਂ ਵੀ ਸਾਥ ਨਹੀਂ ਛਡਦੇ ।

ਇਸੇ ਲਈ ਗੁਰਬਾਣੀ ਸਿੱਖ ਨੂੰ ਐਸੇ ਪੁਰਸ਼ਾਂ ਦੀ ਭਾਲ ਵਾਸਤੇ ਕਹਿੰਦੀ ਹੈ ਤਾਂ ਕਿ ਇਹ ਵੀ ਪੂਰਾ ਅਤੇ ਪੱਕਾ ਹੋ ਜਾਵੇ ।

ਨਾਨਕ ਕਚੜਿਆ ਸਿਉ ਤੋੜਿ
ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ
ਓਇ ਮੁਇਆ ਨ ਜਾਹੀ ਛੋੜਿ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਹੀ ਕਥਾ ਦਾ ਲਾਭ ਹੁੰਦਾ ਹੈ । ਸਿਖ ਨੂੰ ਪਵਿਤ੍ਰ ਕਰਨਾ, ਮਜ਼ਬੂਤ ਕਰਨਾ, ਸੁਖੀ ਕਰਨਾ, ਸੌਖਿਆਂ ਕਰਨਾ – ਇਹ ਕਥਾ ਦਾ ਪ੍ਰਯੋਜਨ ਹੁੰਦਾ ਹੈ ।

ਸੁਣਿ ਹਰਿ ਕਥਾ ਉਤਾਰੀ ਮੈਲੁ ॥
ਮਹਾ ਪੁਨੀਤ ਭਏ ਸੁਖ ਸੈਲੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਥਾ ਦਾ ਪੂਰਾ ਲਾਭ ਤਦ ਹੁੰਦਾ ਹੈ ਜੇ ਸ੍ਰੋਤਾ responsive (ਅਸਰ ਕਬੂਲਣ ਵਾਲਾ) ਹੋਵੇ ਅਤੇ ਇਕ ਦੋ ਨਿਯਾਮਾਂ ਦੀ ਪਾਲਣਾ ਜ਼ਰੂਰ ਕਰੇ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕੀਤਾ ਹੈ :

ਹਉ ਤਿਸੁ ਘੋਲਿ ਘੁਮਾਇਆ
ਸਤਿਗੁਰ ਦਾ ਉਪਦੇਸ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ
ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ ॥੪॥

~ ਭਾਈ ਗੁਰਦਾਸ ਜੀ ~

# ਸਾਧਨ ਤੇ ਬਖਸ਼ਿਸ਼

ਦੋ ਕਾਨੂੰਨ ਹਨ। ਇਕ ਹੈ ਕਰਮ ਦਾ, ਦੂਜਾ ਹੈ ਬਖਸ਼ਿਸ਼ ਦਾ।

ਕਰਮ ਕਹਿੰਦਾ ਹੈ ਸਾਧਨ ਕਰੋ, ਕਮਾਈ ਕਰੋ ਇਹਨਾਂ ਨਾਲ ਲਕਸ਼ ਦੀ ਪ੍ਰਾਪਤੀ ਹੋਊ। ਪ੍ਰੰਤੂ ਗੁਰਮਤ ਨੇ ਐਸਾ ਨਹੀਂ ਮੰਨਿਆ।

ਗੁਰਮਤ ਨੇ ਕਰਮ ਨੂੰ ਤਾਂ ਮੰਨਿਆ ਹੈ ਪਰ ਇਸ ਨੂੰ ਲਕਸ਼ ਦਾ ਦਾਤਾ ਨਹੀਂ ਮੰਨਿਆ।

ਕਰਮ ਨਾਲ, ਸਾਧਨ ਨਾਲ, ਕਰਮ ਨਹੀਂ ਮਿਟਦਾ ਤੇ ਮੁਕਦਾ; ਫਲ ਮਿਲਦਾ ਹੈ। ਚੰਗੇ ਕਰਮਾਂ ਦਾ ਚੰਗਾ ਫਲ, ਮੰਦੇ ਕਰਮਾ ਦਾ ਮੰਦਾ ਫਲ। ਜੇ ਕਰਮ ਨਹੀਂ ਮੁਕਦਾ, ਤਾਂ ਦੁਖ ਵੀ ਨਹੀਂ ਮੁਕਦਾ। ਕਰਮ ਅਤੇ ਉਸ ਦਾ ਫਲ– ਇਹ ਸਿਲਸਿਲਾ ਜਾਰੀ ਰਹਿੰਦਾ ਹੈ।

ਗੁਰਮਤ ਨੇ ਇਹ ਵਾਧਾ ਕੀਤਾ ਹੈ ਕਿ ਟੇਕ ਬਖਸ਼ਿਸ਼ ਤੇ ਰਖੀ ਹੈ। ਸਾਧਨ ਅਥਵਾ ਕਰਮ ਨੂੰ

ਮੰਨਿਆ ਹੈ ਪ੍ਰੰਤੂ ਸਫਲਤਾ ਬਖਸ਼ਿਸ਼ ਵਿੱਚ ਮੰਨੀ ਹੈ, ਸਾਧਨ ਵਿੱਚ ਨਹੀਂ। ਇਸ ਲਈ ਸਾਧਨ ਕਰੋ, ਨਾਮ ਜਪੋ ਅਤੇ ਬਖਸ਼ਿਸ਼ ਮੰਗੋ।

ਬਖਸ਼ਿਸ਼ ਦੀ ਨਿਸ਼ਾਨੀ ਇਹ ਹੈ ਕਿ ਪੁਠੀਆਂ ਗੱਲਾਂ ਸਿਧੀਆਂ ਹੋਣ ਲਗ ਜਾਂਦੀਆਂ ਹਨ। ਅੰਦਰੋਂ ਮਾੜੇ ਖਿਆਲ, ਕਮਜ਼ੋਰੀਆਂ ਦੂਰ ਹੋਣ ਲਗ ਪੈਂਦੀਆਂ ਹਨ। ਜੇ ਇਹ ਨਹੀਂ ਵਾਪਰਦਾ ਜਾਂ ਚੰਗੇ ਕਾਰਨ ਵੀ ਚੰਗਾ ਕਾਰਜ ਨਹੀਂ ਕਰਦੇ ਤਾਂ ਸਮਝੋ ਅਜੇ ਕਰਮਾਂ ਦਾ ਜ਼ੋਰ ਹੈ। ਤਦ ਗੁਰੂ ਸਾਹਿਬ ਜੀ ਅੱਗੇ ਬਖਸ਼ਿਸ਼ ਲਈ ਅਰਦਾਸ ਕਰੋ, ਕਿਰਪਾ ਮੰਗੋ।

ਗੁਰਪ੍ਰਸਾਦਿ ਦਾ ਭਾਵ ਹੈ ਆਪਣੀ ਸੁਰਤਿ ਨੂੰ ਅੰਦਰ ਕਿਸੇ ਸੈਂਟਰ (centre) ਜਾਂ ਧੁਰਵੇ ਤੇ ਖੜਾ ਕਰਨਾ ਅਤੇ ਹਉਮੈ ਰਹਿਤ ਹੋ ਕੇ ਕਿਰਪਾ ਲਈ ਬੇਨਤੀ ਕਰਨੀ। ਇਹ ਧੁਰਵਾ ਅਕਾਲ ਪੁਰਖ ਦੀ ਅਥਾਹ ਸ਼ਕਤੀ ਦਾ ਸੋਮਾ ਹੈ।

ਹੋਰ ਜੋ ਸ਼ਕਤੀਆਂ ਹਨ, ਉਹ ਇਸ ਤਰ੍ਹਾਂ ਹਨ ਜਿਵੇਂ

ਲਕੜੀ ਦੀਆਂ ਸੋਟੀਆਂ ਹਨ। ਉਹ ਪਾਣੀ ਵਿੱਚ ਖੁਦ ਤਾਂ ਤਰ ਜਾਣਗੀਆਂ ਪਰ ਜੇ ਕੋਈ ਹੋਰ ਉਹਨਾਂ ਦੇ ਸਹਾਰੇ ਤਰਨਾ ਚਾਹੇ, ਤਾਂ ਐਸਾ ਨਹੀਂ ਹੋ ਸਕਦਾ।

ਪ੍ਰੰਤੂ, ਗੁਰੂ ਸਾਹਿਬ ਜੀ ਜਹਾਜ਼ ਦੀ ਨਿਆਈਂ ਹੈ, ਜੋ ਪਾਣੀ ਵਿੱਚ ਆਪ ਵੀ ਤਰਦਾ ਹੈ ਅਤੇ ਜੋ ਭੀ ਉਸ ਦੀ ਓਟ ਲਏ, ਉਹ ਭੀ ਤਰ ਜਾਂਦਾ ਹੈ।

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਈ ਕਹਿੰਦੇ ਹਨ ਕਿ ਭਜਨ ਸਿਮਰਨ ਕਰਨ ਦੇ ਬਾਵਜੂਦ, ਤਰੱਕੀ ਨਹੀਂ ਹੁੰਦੀ। ਮਾੜੇ ਖਿਆਲ, ਮਾੜੀਆਂ ਬਿਰਤੀਆਂ ਆ ਦਬਾਂਦੇ ਹਨ। ਪੁਰਾਤਨ ਵਿਚਾਰ ਸੀ ਕਿ ਇਹਨਾਂ ਨਾਲ ਲੜੋ, ਇੰਦਰੀਆਂ ਨੂੰ ਦਮਨ ਕਰੋ ਅਤੇ ਇਸ ਵਾਸਤੇ ਤਨ ਨੂੰ ਤਪਾਓ।

ਗੁਰੂ ਸਾਹਿਬ ਜੀ ਦਾ ਸਿਧਾਂਤ ਹੈ ਕਿ ਮਾੜੀਆਂ

ਬਿਰਤੀਆਂ ਪੁਰ ਕਾਬੂ ਪਾਉਣ ਲਈ ਉਹਨਾਂ ਨਾਲ ਲੜਨ ਅਤੇ ਤਨ ਨੂੰ ਤਪਾਣ ਦੀ ਬਜਾਇ, ਉੱਚੀਆਂ ਬਿਰਤੀਆਂ ਨੂੰ ਅਪਣਾਓ ਅਤੇ ਉਹਨਾਂ ਨਾਲ ਨੇਹ ਲਗਾਓ। ਇਸੇ ਲਈ ਗੁਰਬਾਣੀ ਬਾਰ ਬਾਰ ਨਾਮ ਵਿੱਚ ਲਗਣ ਲਈ ਪ੍ਰੇਰਦੀ ਹੈ।

ਨਾਮ ਅੰਦਰ ਉਹ ਅਵਸਥਾ ਹੈ ਜਿਥੇ ਕਿਸੇ ਨੀਚ ਬਿਰਤੀ ਦੀ ਲੇਸ਼ ਤਕ ਨਹੀਂ। ਇਹ ਪੂਰਨ ਜੋਤ ਦੇ ਪਰਕਾਸ਼ ਦੀ ਅਵਸਥਾ ਹੈ। ਜਦ ਤਕ ਇਸ ਅਵਸਥਾ ਅਥਵਾ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਉਤਨਾ ਚਿਰ ਦੋਸ਼ਾਂ ਦਾ ਨਾਸ਼ ਨਹੀਂ ਹੁੰਦਾ। ਇਸੇ ਲਈ ਗੁਰਮਤ ਵਿੱਚ ਨਾਮ ਦੀ ਵਡਿਆਈ ਮੰਨੀ ਗਈ ਹੈ, ਅਤੇ ਬਾਰ ਬਾਰ ਨਾਮ ਬਖਸ਼ੀਸ਼ ਦੀ ਪ੍ਰਾਪਤੀ ਵਾਸਤੇ ਜ਼ੋਰ ਦਿਤਾ ਗਿਆ ਹੈ।

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਤਤ ਸਤਿ ਤੇ ਗਿਆਨ-ਧਿਆਨ

ਸਭ ਮਹਾਂਪੁਰਸ਼ਾਂ ਦਾ ਜੀਵਨ ਲਕਸ਼ ਇਕ ਹੁੰਦਾ ਹੈ, Aim of Life ਇਕ ਹੁੰਦਾ ਹੈ; ਪ੍ਰੰਤੂ ਵਿਚਾਰਧਾਰਾ ਹਰ ਇਕ ਦੀ ਆਪਣੀ ਹੁੰਦੀ ਹੈ ਅਤੇ ਵਰਨਣ ਕਰਨ ਦਾ ਤਰੀਕਾ ਭੀ ਆਪਣਾ ਹੀ ਹੁੰਦਾ ਹੈ ।

ਜੀਵਨ-ਲਕਸ਼ ਕੀ ਹੈ ? ਉਹ ਹੈ ਸਤਿ ਦੀ ਪ੍ਰਾਪਤੀ । ਹੋਰ ਜੋ ਕੁਝ ਹੈ ਐਵੇਂ ਝਗੜਾ ਹੈ, ਵਾਦ ਹੈ ।

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਵਿਚਾਰ ਹੈ ਕਿ ਤਤ ਇਕ ਹੈ, ਸਤਿ ਇਕ ਹੈ, ਸਤਿ ਦੋ ਨਹੀਂ ਹੋ ਸਕਦੇ । ਜੋ ਵਸਤੂ ਸਤਿ ਹੈ ਉਹ ਇਕ ਹੀ ਹੋ ਸਕਦੀ ਹੈ, ਦੋ ਨਹੀਂ । ਇਸ ਗਲ ਨੂੰ ਜਾਨਣ ਦਾ ਨਾਮ ਗਿਆਨ ਹੈ । ਇਸ ਪਦ ਨੂੰ ਪਾਉਣ ਦਾ ਨਾਮ ਗਿਆਨ ਹੈ ।

ਇਸ ਪਦ ਦੀ ਪ੍ਰਾਪਤੀ ਲਈ ਕੀ ਸਾਧਨ ਹੈ ? ਇਸ ਬਾਰੇ ਵਿਚਾਰ ਕਰਨੀ ਹੈ। ਜਿਵੇਂ ਗੋਮਤੀ ਨਦੀ ਨੂੰ ਜਾਣਾ ਹੋਵੇ ਤਾਂ ਘਾਟ ਕਈ ਹਨ, ਪਰ ਪਾਣੀ ਇਕ ਹੈ। ਇਸੇ ਤਰ੍ਹਾਂ ਸਾਧਨ ਵਖ ਵਖ ਹਨ ਪਰ ਸਤਿ ਇਕ ਹੈ ।

ਗੁਰਮਤ ਵਿੱਚ ਚਾਰ ਚੀਜ਼ਾਂ ਮੰਨੀਆਂ ਗਈਆਂ ਹਨ:

੧. ਸਰੀਰ

੨. ਮਨ

੩. ਬੁਧੀ

੪. ਸ੍ਵੈ ਸਰੂਪ ਜਾਂ ਆਤਮਾ

ਜਦ ਤਕ ਸ੍ਵੈ ਸਰੂਪ ਜਾਂ ਆਤਮਾ ਦੀ ਸੋਝੀ ਨਹੀਂ ਹੁੰਦੀ, ਪਰਮਾਤਮਾ ਦਾ ਗਿਆਨ ਨਹੀਂ ਹੁੰਦਾ। ਆਤਮਾ ਉਹ ਹੈ ਜੋ ਵਿਅਕਤੀ-ਗਤ ਹੈ, ਪਰਮਾਤਮਾ ਸਰਬ ਵਿਆਪੀ ਹੈ ।

ਸਹੀ ਸਿਧਾਂਤ ਅਥਵਾ right theory ਅਤੇ ਸਹੀ ਅਭਿਆਸ ਜਾਂ right practice ਲਕਸ਼ ਦੀ ਪ੍ਰਾਪਤੀ

ਲਈ ਸਫਲਤਾ ਦੇਂਦੇ ਹਨ। ਸਹੀ ਸਿਧਾਂਤ ਅਤੇ ਅਭਿਆਸ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਹਨਾਂ ਪੁਰਸ਼ਾਂ ਦੀ ਸੰਗਤ ਕੀਤੀ ਜਾਏ ਜਿਨ੍ਹਾਂ ਖੁਦ ਕਮਾਈ ਕੀਤੀ ਹੈ ਅਤੇ ਲਕਸ਼ ਨੂੰ ਪਾਇਆ ਹੈ। ਐਸੀ ਸੰਗਤ ਵਿੱਚ ਜਾਣ ਲਈ ਤਿੰਨ ਗੱਲਾਂ ਦਾ ਹੋਣਾ ਜ਼ਰੂਰੀ ਹੈ:

੧. ਸ਼ੁਭ ਇੱਛਾ ਜਾਂ ਸਤਿ ਦੀ ਪ੍ਰਾਪਤੀ ਲਈ ਅੰਦਰ ਕਾਂਖਸ਼ਾ। ਇਹ ਬੁਨਿਆਦ ਹੈ। ਜੇ ਬੁਨਿਆਦ ਠੀਕ ਹੈ ਤਾਂ ਉੱਪਰ ਮਕਾਨ ਵੀ ਠੀਕ ਹੋਊ। ਸਹੀ ਬੁਨਿਆਦ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਮਨ ਵਿੱਚ ਲੁਕੀ ਹੋਈ ਇੱਛਾ ਹੋਰ ਹੈ ਅਤੇ ਵਿਖਾਵੇ ਲਈ ਲਕਸ਼ ਸਤਿ ਦੀ ਪ੍ਰਾਪਤੀ ਹੈ, ਤਾਂ ਸਫਲਤਾ ਨਹੀਂ ਹੋ ਸਕਦੀ।

੨. ਸ਼ਰੀਰ ਨੂੰ ਕਾਬੂ ਵਿੱਚ ਰਖਣਾ। ਸਤਸੰਗ ਵਿੱਚ ਆਸਨ ਲਾ ਕੇ ਬੈਠੇ। ਇਹ ਨਹੀਂ ਕਿ

ਹਰ ਵਕਤ ਹਿਲਦਾ ਰਹੇ ਅਤੇ ਆਸਨ ਬਦਲਦਾ ਰਹੇ। ਆਸਨ ਪਕਾਣ ਨਾਲ ਸ਼ਰੀਰ ਵਿੱਚੋਂ ਰੋਗ ਨਿਕਲ ਜਾਂਦੇ ਹਨ। ਇਹ ਤਜਰਬਾ ਕਰਕੇ ਵੇਖਣ ਵਾਲੀ ਚੀਜ਼ ਹੈ। ਨਾਲੇ ਇਕ ਆਸਨ ਤੇ ਬੈਠਣ ਨਾਲ ਚਿੱਤ ਬਿਰਤੀਆਂ ਨਿਰੋਧ ਹੁੰਦੀਆਂ ਹਨ।

੩. ਮਨ – ਇਸ ਨੂੰ ਇਕ ਚਿਤ ਰਖੋ। ਸਤਸੰਗਤਿ ਜੀਵ ਨੂੰ ਸਮਝ ਦੇਂਦੀ ਹੈ। ਇਹ ਸਮਝ ਤਦ ਹੀ ਪ੍ਰਾਪਤ ਹੋ ਸਕਦੀ ਹੈ ਜੇ ਮਨ ਇਕ ਚਿੱਤ ਰਹੇ। ਦੌੜਦੇ ਮਨ ਨੂੰ ਠਾਕ ਕੇ ਰਖਣਾ – ਇਹ ਗੁਰਮਤ ਦਾ ਇਕ ਵਡਮੁੱਲਾ ਅਸੂਲ ਹੈ।

ਚਲਤਉ ਠਾਕਿ ਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਮਾਈ ਵਾਲੇ ਪੁਰਸ਼ਾਂ ਦੀ ਸੰਗਤ ਦਸਦੀ ਹੈ ਕਿ ਸਾਧਨ ਪਖ ਦੇ ਦੋ ਵਡੇ ਅੰਗ ਹਨ । ਇਕ ਹੈ ਤਿਆਗ, ਦੂਜਾ ਹੈ ਗਿਆਨ । ਜਿਵੇਂ negative ਤੇ positive ਦੇ ਮੇਲ ਨਾਲ ਬਿਜਲੀ ਪਰਕਾਸ਼ ਦੇਂਦੀ ਹੈ ਤਿਵੇਂ ਤਿਆਗ ਅਤੇ ਗਿਆਨ ਆਤਮ-ਪ੍ਰਕਾਸ਼ ਦੇਂਦੇ ਹਨ । ਇਹ ਇਕ ਦੂਜੇ ਦੇ ਪੂਰਕ ਹਨ । ਤਿਆਗ ਮਦਦ ਕਰਦਾ ਹੈ ਗਿਆਨ ਦਾ ਅਤੇ ਗਿਆਨ ਸਹਾਇਤਾ ਕਰਦਾ ਹੈ ਤਿਆਗ ਦਾ ।

ਤਿਆਗ ਕੀ ਹੈ ? ਪਕੜ ਦਾ ਨਾਮ ਬੰਧਨ ਹੈ । ਪਕੜ ਨੂੰ ਛਡਣਾ ਤਿਆਗ ਹੈ । ਮੇਰਾ ਘਰੁ, ਮੇਰਾ ਧਨ, ਹੋਰ ਜਿਤਨੀ ਵੀ ਮੈਂ ਮੇਰੀ ਹੈ ਸਭ ਬੰਧਨ ਹੈ, ਰੁਕਾਵਟ ਹੈ ।

ਜਬ ਇਨਿ ਅਪੁਨੀ ਅਪਨੀ ਧਾਰੀ ॥
ਤਬ ਇਸ ਕਉ ਹੈ ਮੁਸਕਲੁ ਭਾਰੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮੇਰੀ ਮੇਰੀ ਧਾਰੀ ॥
ਓਹਾ ਪੈਰਿ ਲੋਹਾਰੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਕੜ ਸੰਕਲਪ ਵਿੱਚ ਹੈ । ਇਸ ਲਈ ਗੁਰਮਤ ਵਿੱਚ ਸੰਕਲਪ ਦੇ ਤਿਆਗ ਦਾ ਉਪਦੇਸ਼ ਹੈ । ਇਹ ਹੀ ਸੰਨਿਆਸ ਮੰਨਿਆ ਗਿਆ ਹੈ । ਘਰ ਘਾਟੁ ਛਡਣ ਦੀ ਲੋੜ ਨਹੀਂ, ਬਲਕਿ ਸੰਕਲਪ ਵਿੱਚੋਂ ਲਗਾਓ, ਮੈਂ ਮੇਰੀ ਤਥਾ attachment ਛਡਣ ਦੀ ਲੋੜ ਹੈ ।

ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ ॥੧॥ ਰਹਾਉ ॥

~ ਸ੍ਰੀ ਦਸਮ ਗ੍ਰੰਥ ਸਾਹਿਬ ਜੀ ~

ਸੰਕਲਪ ਦੀ ਸੁਧਾਈ ਤਿਆਗ ਵਿੱਚ ਸਹਾਇਤਾ ਦੇਂਦੀ ਹੈ। ਜਿਵੇਂ ਇਹ ਇਕ ਵਾਸਤਵਿਕ ਬਾਤ ਹੈ ਕਿ ਇਹ ਜਗਤ ਸੁਪਨੇ ਵਾਂਗ ਆਰਜ਼ੀ ਹੈ, ਛਿਨ ਮਾਤ੍ਰ ਹੈ,

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਲੇਕਨ ਸੰਕਲਪ ਨੇ ਐਸਾ ਨਹੀਂ ਮੰਨਿਆ ਹੋਇਆ ਜਿਸ ਕਰਕੇ ਇਹ ਇਸ ਦੇ ਪਦਾਰਥਾਂ ਨਾਲ ਐਸਾ ਜਕੜਿਆ ਹੋਇਆ ਹੈ ਜਿਵੇਂ ਕੰਧ ਵਿੱਚ ਮੂਰਤੀ।

ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਨਿ ਭੀਤ ॥੩੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰੰਤੂ ਜੇ ਸੰਕਲਪ ਦੀ ਸੁਧਾਈ ਹੋ ਜਾਵੇ ਅਤੇ ਇਹ ਜਗਤ ਅਤੇ ਇਸ ਦੇ ਪਦਾਰਥਾਂ ਦੀ ਅਸਲੀਅਤ ਨੂੰ ਵੈਸਾ ਹੀ ਮੰਨ ਲਵੇ ਜੈਸੀ ਕਿ ਇਹ ਹਨ, ਤਾਂ ਫਿਰ ਇਸ ਦੇ ਪਦਾਰਥਾਂ ਨਾਲ ਚਮਟਾਓ ਕਾਹਦਾ ? ਇਥੇ ਰਾਜਾ ਕੀ ਤੇ ਭਿਖਾਰੀ ਕੀ ? ਮਾਨ ਕੀ ਤੇ ਅਪਮਾਨ ਕੀ ? ਚਾਰ ਦਿਨ

ਦੀ ਜ਼ਿੰਦਗੀ ਵਿੱਚ ਪਰਪੰਚ ਕਾਹਦਾ ਅਤੇ ਠੱਗੀ ਕਿਸ ਲਈ ?

ਵਾਸਤਵਿਕਤਾ ਨੂੰ ਜਾਨਣ ਦਾ ਨਾਮ ਗਿਆਨ ਹੈ। ਗਿਆਨ ਸਕੂਲਾਂ ਕਾਲਜਾਂ ਜਾਂ ਪੁਸਤਕਾਂ ਦੀ ਪੜ੍ਹਾਈ ਵਿੱਚ ਨਹੀਂ। ਗਿਆਨ ਕੀ ਹੈ? ਇਹ ਹੈ ਕਿ ਜੀਵ ਅਕਾਲ ਪੁਰਖ, ਜੋ ਤਤ ਸਤਿ ਹੈ, ਜੋ ਵਾਸਤਵਿਕ ਹੋਂਦ ਹੈ, ਜਿਸ ਦੀ ਆਦਿ ਸ਼ਕਤੀ ਨਾਲੋਂ ਟੁਟਾ ਹੈ, ਮੁੜ ਉਸ ਨਾਲ ਜੁੜ ਜਾਇ। ਇਸ ਦਾ ਸਾਧਨ ਹੈ ਨਾਮ ਜਪਣਾ, ਸਿਮਰਨ ਕਰਨਾ। ਅੰਦਰਲੇ ਤਸੱਵਰ ਵਿੱਚ ਅਕਾਲ ਪੁਰਖ ਦੀ ਯਾਦ ਤੇ ਧਿਆਨ ਕਰਨੇ।

ਧਿਆਨ ਤੋਂ ਕੀ ਮੁਰਾਦ ਹੈ ? ਇਹ ਕਿਸੇ ਤਸਵੀਰ ਜਾਂ ਮੂਰਤੀ ਦਾ ਆਪਣੇ ਅੰਦਰ ਧਿਆਨ ਜਮਾਉਣਾ ਨਹੀਂ, ਜੈਸਾ ਕਿ ਆਮ ਲੋਕ ਸਮਝਦੇ ਹਨ।

ਗੁਰੂ ਸਾਹਿਬ ਜੀ ਦਸਦੇ ਹਨ ਕਿ ਰੱਬੀ ਬਾਣੀ ਅਥਵਾ divine thoughts ਪੁਰ ਧਿਆਨ ਦਿਉ, ਸ਼ਬਦ ਵਿੱਚ ਜੁੜੋ।

ਰੋਜ਼ ਰੋਜ਼ ਸ਼ਬਦ ਵਿੱਚ ਜੁੜਨ ਨਾਲ ਸੁਰਤਿ ਦਾ ਸਬੰਧ ਉਸ ਨਾਲ ਹੋਈ ਜਾਂਦਾ ਹੈ ਜਿਥੋਂ ਇਹ ਬਾਣੀ ਆਉਂਦੀ ਹੈ, ਸ਼ਬਦ ਆਉਂਦਾ ਹੈ ।

ਬਾਣੀ ਅਕਾਲ ਪੁਰਖ ਦਾ divine ਜਾਂ ਰੱਬੀ ਹੁਕਮ ਹੈ । ਇਸੇ ਲਈ ਇਸ ਨੂੰ "ਧੁਰ ਦੀ ਬਾਣੀ" ਕਹਿੰਦੇ ਹਨ ।

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਬਾਣੀ ਗੁਰੂਆਂ ਪੁਰ ਇਸ ਲਈ ਪਰਵੇਸ਼ ਹੋਈ ਕਿ ਉਹਨਾਂ ਦਾ ਆਤਮਾ ਇਤਨਾ ਨਿਰਮਲ ਸੀ ਕਿ ਇਹ ਬਾਣੀ ਸਿਰਫ ਉੱਥੇ ਹੀ ਆ ਸਕਦੀ ਸੀ । ਇਸਨੂੰ God's inner voice ਜਾਂ ਇਲਹਾਮ ਵੀ ਕਹਿੰਦੇ ਹਨ । ਮੁਹੰਮਦ ਸਾਹਿਬ ਭਾਵੇਂ ਅਨਪੜ੍ਹ ਸਨ ਫਿਰ ਭੀ, ਦਸਦੇ ਹਨ, ਉਨ੍ਹਾਂ ਪੁਰ ਖੁਦਾ ਦੀ ਵਹੀ ਉਤਰੀ । ਸੋ ਇਸ ਇਲਹਾਮ ਦਾ ਸਨਬੰਧ ਇਲਮ ਨਾਲ ਨਹੀਂ, ਬਲਕਿ ਮਨ ਦੀ ਨਿਰਮਲਤਾ

ਅਤੇ ਅੰਦਰਲੀ ਡੁਬਕੀ ਨਾਲ ਹੈ। ਇਹ ਦੋ ਚੀਜ਼ਾਂ (ਮਨ ਦੀ ਨਿਰਮਲਤਾ ਅਤੇ ਅੰਦਰਲੀ ਡੁਬਕੀ ਦੀ ਗਹਿਰਾਈ) ਮੂਲ ਹਨ, ਸਫਲਤਾ ਦਾਤਾ ਹਨ, ਸੁਖ ਦਾ ਭੰਡਾਰ ਹਨ। ਇਹ ਹੀ ਗੁਰੂ ਮਤ ਹੈ।

ਜੋ ਇਛੀ ਸੋ ਫਲੁ ਪਾਇਦਾ
ਗੁਰਿ ਅੰਦਰਿ ਵਾੜਾ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਚੂੰਕਿ ਗੁਰਬਾਣੀ ਅਕਾਲ ਪੁਰਖ ਦਾ ਹੁਕਮ ਹੈ। ਇਸ ਲਈ ਗੁਰਮਤ ਵਿੱਚ ਕਿਸੇ ਵਿਅਕਤੀ ਦੀ ਪੂਜਾ ਨਹੀਂ ਭਾਵੇਂ ਉਹ ਕਿਤਨਾ ਵਡਾ ਹੋਵੇ। ਪੂਜਾ ਸਿਰਫ਼ ਅਕਾਲ ਪੁਰਖ ਦੀ ਹੈ। ਧਿਆਨ ਵੀ ਸਿਰਫ ਅਕਾਲ ਪੁਰਖ ਦਾ ਪਰਮਾਨ ਹੈ ਕਿਉਂ ਜੋ ਸਿਰਫ ਉਹ ਹੀ "ਸਦਾ ਸਲਾਮਤਿ" ਹੈ।

ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥
ਨਾਮੁ ਨਿਧਾਨੁ ਲਾਭੁ ਨਾਨਕ
ਬਸਤੁ ਇਹ ਪਰਵਾਨੁ ॥੨॥੩॥੧੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਤਾਹੀ ਕੋ ਧ੍ਯਾਨ ਪ੍ਰਮਾਨਿ ਹੀਏ

ਜੋ ਥੇ ਅਬ ਹੈ ਅਰੁ ਆਗੈ ਊ ਹ੍ਵੈ ਹੈ ॥੧੬॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਗੁਰਬਾਣੀ "ਪੂਰੇ ਪ੍ਰਭੂ" ਦੀ ਆਵਾਜ਼ ਹੋਣ ਕਰਕੇ, ਇਹ ਉਸ ਨੂੰ ਵੀ ਪੂਰਾ ਬਣਾ ਦੇਂਦੀ ਹੈ ਜਿਹੜਾ ਇਸ ਨੂੰ ਸੁਣੇ, ਇਸ ਦੇ ਮਗਰ ਲਗੇ ।

ਇਹ ਭਰਪੂਰਤਾ ਦੇਂਦੀ ਹੈ, ਭਗਤੀ ਭਾਵ ਦੇਂਦੀ ਹੈ । ਭਗਤੀ ਭਾਵ ਤੋਂ ਮੁਰਾਦ ਹੈ ਕਿ ਆਪਣੀ ਛੋਟੀ ਹਸਤੀ ਦਾ ਅਕਾਲ ਪੁਰਖ ਦੀ ਵਡੀ ਹੋਂਦ, ਵਡੀ ਹਸਤੀ ਨਾਲ ਮੇਲ ਹੋ ਜਾਣਾ । ਛੋਟਾ ਆਪਾ ਗੁਆ ਕੇ ਵਡੇ ਆਪੇ ਨੂੰ ਪਾ ਲੈਣਾ ।

ਆਪੁ ਗਇਆ ਤਾ ਆਪਹਿ ਭਏ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪੁੱਤ੍ਰ, ਯਾਦ ਰਹੇ, ਜਿਹੜਾ ਬਾਹਰੋਂ ਦਿਖਾਵੇ ਲਈ ਭਗਤ ਹੈ ਜਾਂ ਸਾਧ ਹੈ ਜਾਂ ਪ੍ਰੇਮੀ ਸਿੱਖ ਹੈ, ਅਤੇ ਅੰਦਰੋਂ ਹੋਰ ਹੈ, ਉਹ ਦੰਭੀ ਹੈ, ਫਰੇਬੀ ਹੈ । ਐਸੀ ਬਿਰਤੀ ਰਖਣ ਨਾਲ ਅੰਦਰਲੀ ਤਰੱਕੀ ਰੁਕ ਜਾਂਦੀ ਹੈ । ਦੰਭ ਵਿੱਚ ਪਰਮੇਸ਼ਰ ਦੀ ਪ੍ਰਾਪਤੀ ਨਹੀਂ ।

ਸਮਝ ਲੇਹੁ ਸਭ ਜਨ ਮਨ ਮਾਹੀਂ ॥
ਡਿੰਭਨ ਮੈ ਪਰਮੇਸੁਰ ਨਾਹੀਂ ॥੫੩॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

# ਨਦਰ ਕਰਮ ਤਥਾ ਤੀਸਰੀ ਅੱਖ ਦਾ ਖੁਲ੍ਹਣਾ

ਇਕ ਸੁਵਾਲ ਹੈ: ਕਿਹੜਾ ਮਾਰਗ ਅਪਣਾਇਆ ਜਾਇ, ਕਿਹੜੀ ਸੜਕ ਤੇ ਤੁਰਿਆ ਜਾਇ, ਕਿਹੜਾ ਫਾਰਮੂਲਾ (formula) ਜਾਂ ਗੁਰੂ ਧਾਰਨ ਕੀਤਾ ਜਾਇ ਜਿਸ ਕਰਕੇ ਨਿਸ਼ਾਨੇ ਤੇ ਅਪੜਿਆ ਜਾ ਸਕੇ?

ਕੀ ਨਿਸ਼ਾਨਾ ਹੈ ? ਨਿਸ਼ਾਨਾ ਹੈ ਅੰਦਰਲੀ ਤੀਸਰੀ ਅੱਖ ਖੋਹਲਣੀ ਜਿਸ ਨੂੰ spiritual eye ਜਾਂ ਦਿੱਬ-ਦ੍ਰਿਸ਼ਟੀ ਕਹਿੰਦੇ ਹਨ । ਗੁਰਬਾਣੀ ਦਸਦੀ ਹੈ ਕਿ ਨੌਂ ਦੁਆਰਿਆਂ ਤੋਂ ਇਲਾਵਾ, ਇਨਸਾਨ ਇਕ ਹੋਰ ਦਵਾਰਾ ਵੀ ਰਖਦਾ ਹੈ, ਜੋ ਗੁਪਤ ਹੈ ।

ਵਜਾਇਆ ਵਾਜਾ ਪਉਣ
ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਦਸਵੇਂ ਦੁਆਰੇ ਨੂੰ ਖੋਹਲਣਾ ਜ਼ਿੰਦਗੀ ਦਾ ਨਿਸ਼ਾਨਾ ਹੈ । ਇਹ ਹੀ ਧਰਮ ਹੈ । ਹੋਰ ਜੋ ਕਰਮ ਕਾਂਡ ਹੈ ਜਿਸ ਨੂੰ ਲੋਕ ਧਰਮ ਮੰਨੀ ਬੈਠੇ ਹਨ ਉਹ ਸਭ ਰੌਲਾ ਹੈ, ਜਮ ਮਾਰਗ ਵਲ ਜਾਣਾ ਹੈ ।

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦੁਨੀਆਂ ਵਿੱਚ ਜਿਤਨੇ ਮਹਾਂਪੁਰਸ ਆਇ ਹਨ (ਜਾਂ ਆਉਣਗੇ), ਉਹਨਾਂ ਆਪਣੇ ਤਜਰਬੇ ਅਨੁਸਾਰ, ਆਪਣੀ ਕਮਾਈ ਅਨੁਸਾਰ, ਮਾਰਗ ਬਿਆਨ ਕੀਤਾ ਹੈ ਜਿਸ ਕਰਕੇ ਇਨਸਾਨ ਦੀ ਤੀਸਰੀ ਅੱਖ ਖੁਲ੍ਹ ਜਾਇ । ਉਹਨਾਂ ਦੀ ਪੁਕਾਰ ਸਭ ਵਾਸਤੇ ਸਾਂਝੀ ਹੁੰਦੀ ਹੈ; ਉਹ ਕਿਸੇ ਸ਼੍ਰੇਣੀ ਜਾਂ ਜਮਾਤ ਨਾਲ ਬਝੇ ਨਹੀਂ ਹੁੰਦੇ । ਹਾਂ, ਹਰ ਮਹਾਂਪੁਰਸਾਂ ਦੀ ਵਿਚਾਰਧਾਰਾ ਦਾ ਇਕ ਨਾ ਇਕ ਵਿਸ਼ੇਸ਼ ਅੰਗ ਹੁੰਦਾ ਹੈ ।

ਜਿਵੇਂ ਮਹਾਤਮਾ ਬੁਧ ਨੇ ਅੰਤਰ ਧਿਆਨ ਹੋਣ ਤੇ

ਬਹੁਤ ਜ਼ੋਰ ਦਿਤਾ ਹੈ । ਬੇਖਿਆਲ ਹੋਈ ਜਾਓ ਅਤੇ ਅੰਤਰ ਧਿਆਨ ਹੋਈ ਜਾਓ – ਇਹ ਮਹਾਤਮਾ ਬੁੱਧ ਦੀ ਸਿੱਖਿਆ ਦਾ ਵਿਸ਼ੇਸ਼ ਅੰਗ ਹੈ । ਬੁਧ ਜੀ ਦੇ ਜਿਤਨੇ ਚਿੱਤਰ ਜਾਂ ਮੂਰਤੀਆਂ ਵੇਖੋ, ਉਸ ਵਿੱਚ ਉਸ ਨੂੰ ਅੰਤਰ ਧਿਆਨ ਹੋਇਆ ਪਾਓਗੇ ।

ਇਸੀ ਤਰ੍ਹਾਂ, ਈਸਾ ਮਸੀਹ ਦੀ ਸਿਖਿਆ ਦਾ ਵਿਸ਼ੇਸ਼ ਅੰਗ ਹੈ: ਵਿਸ਼ਵਾਸ ਤੇ ਅਰਦਾਸ । ਕਿਹੜੀ ਮੁਸ਼ਕਲ ਹੈ ਜਿਹੜੀ ਵਿਸ਼ਵਾਸ ਪੂਰਕ ਅਰਦਾਸ ਨਾਲ ਆਸਾਨ ਨਹੀਂ ਹੋ ਸਕਦੀ?

ਭਾਰਤ ਦੇ ਮਹਾਂਪੁਰਸਾਂ ਨੇ, ਖਾਸਕਰ ਮਹਿਰਿਸ਼ੀ ਪਤੰਜਲੀ ਜੀ ਨੇ, ਯੋਗ ਤੇ ਵਿਸ਼ੇਸ਼ ਜ਼ੋਰ ਦਿਤਾ ਹੈ । ਯੋਗ ਕੀ ਹੈ? ਇਹ ਹੈ ਚਿੱਤ ਬਿਰਤੀਆਂ ਦਾ ਇਕ ਹੋ ਜਾਣਾ ।

ਗੁਰੂ ਘਰ ਵਿੱਚ ਨਾਮ ਮਾਰਗ ਦੀ ਵਿਸ਼ੇਸ਼ਤਾ ਹੈ ।

ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਤੁਲਿ ਕਛੁ ਅਵਰੁ ਨ ਹੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਮਾਰਗ ਤੋਂ ਕੀ ਭਾਵ ਹੈ ? ਗੁਰਬਾਣੀ ਦਸਦੀ ਹੈ ਅਤੇ ਇਹ ਹੀ ਮਹਾਂਪੁਰਸਾਂ ਦਾ ਤਜਰਬਾ ਹੈ, ਕਿ ਇਨਸਾਨ ਦੇ ਅੰਦਰ, ਜਿਥੇ ਕਈ ਕਿਸਮ ਦੇ ਕਲੇਸ਼ ਕਲਪਣਾ ਉਠ ਰਹੇ ਹਨ, ਉਥੇ ਇਕ ਸੁਖ ਦੀ ਧਾਰਾ ਭੀ ਆ ਰਹੀ ਹੈ ਜਿਸ ਨੂੰ ਨਾਮ ਧਾਰਾ ਕਹਿੰਦੇ ਹਨ ।

ਰੋਮਿ ਰੋਮਿ ਰਵਿਆ ਹਰਿ ਨਾਮੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਐਸਾ ਗੁਰਮਤ ਦਾ ਕਥਨ ਹੈ ਅਤੇ ਇਸ ਦੁਨੀਆਂ ਵਿੱਚ ਆਇਆ ਉਸ ਦਾ ਸਫਲ ਹੈ ਜਿਸ ਨੇ ਐਸਾ ਬੁਝ ਲਿਆ ।

ਜਗ ਮਹਿ ਆਇਆ ਸੋ ਪਰਵਾਣੁ ॥<br>ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦੁਲਭ ਦੇਹ ਹੋਈ ਪਰਵਾਨੁ ॥
ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੋ ਨਾਮ ਮਾਰਗ ਤੋਂ ਭਾਵ ਉਹ ਜੁਗਤ ਹੈ, ਉਹ ਤਰੀਕਾ ਤੇ ਸਾਧਨ ਹਨ ਜਿਨ੍ਹਾਂ ਕਰਕੇ, ਅੰਦਰ ਆ ਰਹੀ ਇਸ ਸੁਖ ਦੀ ਧਾਰਾ ਨਾਲ, ਚਿੱਤ ਦੀਆਂ ਬਿਰਤੀਆਂ ਦਾ ਮੇਲ ਹੋ ਜਾਇ ।

ਪ੍ਰੰਤੂ ਇਹ ਜੁਗਤ ਗੁਰੂ ਸਾਹਿਬ ਜੀ ਪਾਸੋਂ ਮਿਲਦੀ ਹੈ ਜਿਸ ਕਰਕੇ ਅੰਦਰਲੀ ਦ੍ਰਿਬ-ਦ੍ਰਿਸ਼ਟੀ ਜਾਂ ਤੀਸਰੀ ਅੱਖ ਖੁਲ੍ਹ ਜਾਇ ਅਤੇ ਨਾਮ ਧਾਰਾ ਦੀ ਸੋਝੀ ਤਥਾ ਉਸ ਨਾਲ ਮੇਲ ਹੋ ਜਾਇ । ਬਗੈਰ ਗੁਰੂ ਸਾਹਿਬ ਜੀ ਦੇ, ਸੋਝੀ ਨਹੀਂ ਆਉਂਦੀ, ਅਨੇਰਾ ਦੂਰ ਨਹੀਂ ਹੁੰਦਾ ।

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰੂ ਸਾਹਿਬ ਜੀ ਭੰਡਾਰ ਹੈ, ਇਕ ਦਰਿਆ ਹੈ ਉਸ ਅਕਾਲ ਪੁਰਖ ਦੀ ਜਾਗਤ ਜੋਤ ਦੇ ਪ੍ਰਕਾਸ਼ ਦਾ। ਗੁਰੂ ਸਾਹਿਬ ਜੀ ਨੇ ਦਸਾਂ ਜਾਮਿਆਂ ਵਿੱਚ ਸ਼ਬਦ ਰਾਹੀਂ ਮਾਰਗ ਦਸਿਆ ਹੈ ਗੁਰੂ ਅਕਾਲ ਪੁਰਖ ਦੀ ਜੋਤ ਦਾ, Light ਦਾ।

ਇਸ ਜਗਤ ਵਿੱਚ ਗੁਰੂ ਸਾਹਿਬ ਜੀ ਦਾ ਸਦੀਵਕਾਲ ਸਰੂਪ ਗੁਰਬਾਣੀ ਹੈ। ਇਸ ਲਈ ਜੋ ਤੀਸਰੀ ਅੱਖ ਖੋਹਲਣਾ ਚਾਹੁੰਦਾ ਹੈ, ਨਾਮ ਮਾਰਗ ਨੂੰ ਧਾਰਨ ਕਰਨਾ ਚਾਹੁੰਦਾ ਹੈ, ਉਹ ਗੁਰਬਾਣੀ ਦਾ ਸਤਸੰਗ ਕਰੇ, ਉਨ੍ਹਾਂ ਗੁਰਮੁਖਾਂ ਨਾਲ ਮੇਲ ਕਰੇ ਜਿਨ੍ਹਾਂ ਗੁਰਬਾਣੀ ਨੂੰ ਕਮਾਇਆ ਹੈ ਅਤੇ ਉਸ ਵਿੱਚ ਦਸੇ ਭੇਦ ਪਾਏ ਹਨ।

ਕਈ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਜਾਣੋ, ਉਸ ਦਾ ਪ੍ਰਕਾਸ਼ ਹੋ ਜਾਊ। ਠੀਕ ਹੈ। ਪਰ

ਇਹ ਤਦ ਹੋ ਸਕਦਾ ਹੈ ਜਦ ਸਿੱਖ ਪਹਿਲੇ ਗੁਰੂ ਸਾਹਿਬ ਜੀ ਨੂੰ ਅੰਗ ਸੰਗ ਜਾਣੇ ।

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਨਿਸਚੇ ਵਿੱਚ ਦ੍ਰਿੜ ਹੋਣਾ ਜ਼ਰੂਰੀ ਹੈ ਅਕਾਲ ਪੁਰਖ ਦੀ ਦਰਗਾਹ ਵਿੱਚ ਰਸਾਈ ਲਈ । ਇਹ ਕਿਉਂ?

ਇਹ ਇਸ ਲਈ ਕਿ ਗੁਰੂ ਸਾਹਿਬ ਜੀ ਹੀ ਇਕ ਐਸੀ ਹਸਤੀ ਹੈ ਜੋ ਇਕ ਪਾਸੇ ਸਿੱਖ ਨੂੰ ਚਾਨਣ ਦੇ ਰਿਹਾ ਹੁੰਦਾ ਹੈ ਅਤੇ ਦੂਜੇ ਪਾਸੇ ਅਕਾਲ ਪੁਰਖ ਨਾਲ ਜੁੜਿਆ ਹੁੰਦਾ ਹੈ । ਸੋ ਅਕਾਲ ਪੁਰਖ ਨਾਲ ਜੁੜਨ ਦਾ ਸਾਧਨ ਹੈ ਗੁਰੂ ਸਾਹਿਬ ਜੀ ਨਾਲ ਜੁੜਨਾ ।

ਇਹ ਹੀ ਸਿੱਖੀ ਮਾਰਗ ਹੈ। ਇਹ ਹੈ ਭਾਵ ਗੁਰਪ੍ਰਸਾਦਿ ਦਾ, ਜੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਿਖਿਆ ਦਾ ਇਕ ਵਿਸ਼ੇਸ਼ ਅੰਗ ਹੈ ।

ਅਕਾਲ ਪੁਰਖ ਨਾਲ direct connection ਜਾਂ ਸਿਧਾ ਮੇਲ ਨਹੀਂ ਹੁੰਦਾ । ਗੁਰੂ ਸਾਹਿਬ ਜੀ ਦੀ ਮਾਰਫਤ ਹੁੰਦਾ ਹੈ ।

ਗੁਰਮਤ ਦਾ ਦ੍ਰਿਸ਼ਟੀਕੋਣ ਹੈ ਕੇ

ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਾਂ ਇੰਝ ਕਹਿ ਲੌਂ ਕਿ ਮਨੁੱਖ ਦੀ ਦਿੱਬ-ਦ੍ਰਿਸ਼ਟੀ ਜਾਂ spiritual eye ਬੰਦ ਹੋਣ ਕਰਕੇ ਬਿਰਤੀ ਬਾਹਰ ਨੂੰ ਜਾਂਦੀ ਹੈ ਅਤੇ ਦ੍ਰਿਸ਼ਟੀ ਮਾਦੀ ਪਸਾਰੇ ਨੂੰ ਦੇਖਦੀ ਹੈ । ਲੇਕਨ ਉਸ ਜਾਗਤ ਜੋਤ ਦਾ ਪ੍ਰਕਾਸ਼ ਤਦ ਹੁੰਦਾ ਹੈ ਜਦ ਅੰਦਰਲੀ ਤੀਸਰੀ spiritual eye ਜਾਂ ਰੂਹਾਨੀ ਅੱਖ ਖੁਲ੍ਹ ਜਾਇ । ਇਹ ਅੱਖ ਖੁਲ੍ਹਦੀ ਹੈ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ, ਉਸ ਦੀ ਨਦਰ ਨਾਲ ।

ਗੁਰ ਦੁਆਰੈ ਲਾਇ ਭਾਵਨੀ
ਇਕਨਾ ਦਸਵਾਦੁਆਰੁ ਦਿਖਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਭਿਆਸ ਕਮਾਈ ਇਸ ਵਾਸਤੇ ਕੀਤੇ ਜਾਂਦੇ ਹਨ ਕਿ ਗੁਰੂ ਸਾਹਿਬ ਜੀ ਦੀ ਮਿਹਰ ਪ੍ਰਾਪਤ ਕੀਤੀ ਜਾਇ, ਨਦਰ ਕਰਮ ਨੂੰ ਪਾਇਆ ਜਾਇ ।

ਜੋ ਜਪ ਕਰੋ, ਜੋ ਤਪ ਕਰੋ ਜਾਂ ਹੋਰ ਸਾਧਨ ਕਰੋ ਸਭ ਦਾ ਟੀਚਾ ਗੁਰੂ ਅਕਾਲ ਪੁਰਖ ਦੀ ਨਦਰ ਕਰਮ ਪ੍ਰਾਪਤ ਕਰਨਾ ਹੋਵੇ ਕਿਉਂਕਿ ਬਿਨਾਂ ਨਦਰ ਕਰਮ ਦੇ ਪ੍ਰਕਾਸ਼ ਨਹੀਂ ਹੋਣਾ, ਤੀਸਰੀ ਅੱਖ ਨਹੀਂ ਖੁਲ੍ਹਣੀ ।

ਗੁਰੂ ਸਾਹਿਬ ਜੀ ਗਿਆਨ ਤੇ ਬਖਸ਼ਿਸ਼ ਦੇ ਭੰਡਾਰ ਹਨ

ਜੋ ਸਭ ਨੂੰ ਨਿਰਮਲ ਤੇ ਨਿਹਾਲ ਕਰਦੇ ਹਨ ਜੋ ਉਸ ਦੀ ਸ਼ਰਨ ਲਵੇ ।

ਸ਼ਰਨ ਲੈਣ ਤੋਂ ਭਾਵ ਹੈ ਆਪਣੇ ਆਪ ਨੂੰ ਗੁਰੂ ਸਾਹਿਬ ਜੀ ਅਗੇ surrender ਕਰ ਦੇਣਾ, ਸੌਂਪ ਦੇਣਾ ।

ਸਿੱਖ ਦੀ ਜ਼ੁਮੇਵਾਰੀ ਸਿਰਫ ਇਤਨੀ ਹੈ ਕਿ ਉਹ ਆਪਣੇ ਆਪ ਨੂੰ ਗੁਰੂ ਸਾਹਿਬ ਜੀ ਅਗੇ ਸਮਰਪਨ ਕਰ ਦੇਵੇ, dedicate ਕਰ ਦੇਵੇ ਅਤੇ ਬਸ । ਅਗੇ ਗੁਰੂ ਸਾਹਿਬ ਜੀ ਖੁਦ ਸ਼ੰਭਾਲ ਕਰਦੇ ਹਨ, ਜ਼ੁਮਾ ਉਠਾ ਲੈਂਦੇ ਹਨ ।

ਗੁਰੂ ਸਾਹਿਬ ਜੀ ਦੇ ਪਰਸੀਝਣ ਨਾਲ, ਅੰਦਰ ਇਕ ਪਲਟਾ ਆ ਜਾਂਦਾ ਹੈ, ਦ੍ਰਿਸ਼ਟੀ ਬਦਲ ਜਾਂਦੀ ਹੈ ਅਤੇ ਅੰਦਰ ਗੁਰਪ੍ਰਸਾਦਿ ਦੀ ਮਹਿਮਾ ਜਾਗ ਪੈਂਦੀ ਹੈ ।

ਗੁਰੂ ਸਾਹਿਬ ਜੀ ਦੀ ਦਿੱਬ-ਦ੍ਰਿਸ਼ਟੀ ਵਿੱਚ ਇਕ ਕਲਾ ਹੈ, ਇਕ ਸ਼ਕਤੀ ਹੈ ਜਿਹੜੀ ਸਿੱਖ ਦੇ ਅੰਦਰ ਇਕ ਪਲਟਾ ਦੇਂਦੀ ਹੈ ਅਤੇ ਉਸ ਦੀ ਦ੍ਰਿਸ਼ਟੀ ਬਦਲ ਦੇਂਦੀ ਹੈ ।

ਗੁਰੂ ਸਾਹਿਬ ਜੀ ਦੀ ਦਿੱਬ-ਦ੍ਰਿਸ਼ਟੀ ਦੀ ਪ੍ਰਾਪਤੀ

ਲਈ ਮਨੋਯੋਗ ਸਾਧਨ ਹੈ ਜੋ ਵਰਤਮਾਨ ਸਮੇਂ ਦਾ ਪਰਵਾਨ ਯੋਗ ਹੈ ।

ਇਸ ਯੋਗ ਦਾ ਮੁੱਖ ਸਬਕ ਹੈ ਅੰਦਰਲੇ ਨੂੰ ਭਾਂਤ ਭਾਂਤ ਦੀਆਂ ਲਾਲਸਾਂ ਅਤੇ ਇਛਾਂ ਤੋਂ ਬਚਾਓ, ਹੋੜ ਕੇ ਰਖੋ । ਕਲਪਣਾ ਰਹਿਤ ਹੋਣਾ, ਫੁਰਨਾ ਰਹਿਤ ਹੋਣਾ ਜਾਂ ਅਫੁਰ ਅਵਸਥਾ ਪ੍ਰਾਪਤ ਕਰਨਾ, ਕਮਾਈ ਹੈ ।

ਇਥੇ ਮਨ ਨਾਲ ਵਾਹ ਹੈ, ਮਨ ਨਾਲ ਝਗੜਾ ਝਾਂਜਾ ਹੈ, ਤਨ ਨਾਲ ਨਹੀਂ ।

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਵੇਂ ਸੱਪ ਨੂੰ ਮਾਰਨ ਲਈ ਉਸ ਨੂੰ ਪਕੜਨ ਦੀ ਲੋੜ ਹੈ, ਉਸਦੀ ਖੁਡ ਨੂੰ ਦਬਾਣ ਦੀ ਲੋੜ ਨਹੀਂ । ਇਸੇ ਤਰ੍ਹਾਂ ਮਨੋਯੋਗ ਵਿੱਚ ਮਨ ਦੀਆਂ ਤਰੰਗਾਂ ਨੂੰ ਪਕੜਨ ਦੀ ਲੋੜ ਹੈ, ਇਹਨਾਂ ਪੁਰ ਚੌਂਕੀਦਾਰੀ ਕਰਨ ਦੀ ਲੋੜ ਹੈ, ਸਰੀਰ

ਨਾਲ ਕਰੜਾਈ ਕਰਨ ਦੀ ਲੋੜ ਨਹੀਂ। ਮਨ ਦੇ ਖ਼ਿਆਲ ਜਾਂ thoughts ਕਾਬੂ ਕਰਨੇ ਹਨ ਅਤੇ ਬਦਲਨੇ ਹਨ ਨਾ ਕਿ ਸਰੀਰ ਦੇ ਅੰਗ ਅਤੇ ਨਾ ਹੀ ਜਗਤ ਕੋਲੋਂ ਨੱਠਣ ਦੀ ਲੋੜ ਹੈ ।

ਲੋੜ ਹੈ ਦਾਸਾ ਭਾਵ ਅਖ਼ਤਿਆਰ ਕਰਨ ਦੀ, ਸੇਵਕ ਬਣਨ ਦੀ । ਐਸਾ ਕਰਨ ਨਾਲ ਮਨ ਦੀ ਮੈਲ ਕੱਟੀ ਜਾਂਦੀ ਹੈ, ਅੰਦਰ ਨਿਰਮਲਤਾ ਪ੍ਰਵੇਸ਼ ਕਰਦੀ ਹੈ ਅਤੇ ਦਰਗਾਹ ਵਿੱਚ ਪਰਵਾਨਗੀ ਮਿਲਦੀ ਹੈ ।

ਹੋਇ ਨਿਮਾਣੀ ਸੇਵ ਕਮਾਵਹਿ
ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੇਵਾ ਬਾਰੇ, ਗੁਰਮਤ ਦੇ ਦ੍ਰਿਸ਼ਟੀਕੋਣ ਅਤੇ ਆਮ ਪ੍ਰਚਲਤ ਦ੍ਰਿਸ਼ਟੀਕੋਣਾਂ ਵਿੱਚ ਫ਼ਰਕ ਹੈ। ਗੁਰਮਤ ਅਨੁਸਾਰ ਜੀਵ ਜੰਤਾਂ ਦੀ ਸੇਵਾ ਅਕਾਲ ਪੁਰਖ ਦੀ ਸੇਵਾ ਜਾਣ ਕੇ ਕਰਨੀ ਹੈ ਕਿਉਂਕਿ ਉਹ ਸਭ ਵਿੱਚ ਆਪਣਾ

ਪ੍ਰਕਾਸ਼ ਦੇ ਰਿਹਾ ਹੈ ।

ਜੋ ਜੋ ਕੀਨੋ ਹਮ ਤਿਸ ਕੇ ਦਾਸ ॥
ਪ੍ਰਭ ਮੇਰੇ ਕੋ ਸਗਲ ਨਿਵਾਸ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ ਪ੍ਰਭੂ ਨੂੰ ਵਿਸਾਰ ਕੇ ਜਗਤ ਦੀ ਸੇਵਾ ਦਾ ਗੁਰਮਤ ਅਨੁਸਾਰ ਕੋਈ ਮੁਲ ਨਹੀਂ ।

ਗੁਰੂ ਅਕਾਲ ਪੁਰਖ ਦੀ ਨਦਰ ਕਰਮ ਤਦ ਪ੍ਰਾਪਤ ਹੁੰਦੀ ਹੈ ਜੇ ਸਭ ਵਿੱਚ ਉਸ ਨੂੰ ਪਰੀਪੂਰਨ ਜਾਣ ਕੇ ਲੋਕ ਸੇਵਾ ਕੀਤੀ ਜਾਇ । ਐਸੀ ਦ੍ਰਿਸ਼ਟੀ ਨਾਲ ਕੀਤੀ ਸੇਵਾ ਕਲਯਾਣਕਾਰੀ ਹੈ, ਦੂਜੀ ਨਹੀਂ ।

ਦਾਸ ਅਨਿੰਨ ਮੇਰੋ ਨਿਜ ਰੂਪ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਭੂ, ਨਾਮਦੇਵ ਜੀ ਦੇ ਮੂਹੋਂ ਫੁਰਮਾਦੇ ਹਨ :

ਰਾਜਨ ਕਉਨੁ ਤੁਮਾਰੈ ਆਵੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਸ਼ਬਦ ਦਾ ਭਾਵ ਹੈ ਕਿ ਭਗਵਾਨ ਨੂੰ ਦਾਸਤ ਭਾਵ ਪ੍ਰਵਾਨ ਹੈ ਭਾਵੇਂ ਕੋਈ ਮਾਇਆ ਵਲੋਂ ਕਿਤਨਾ ਗਰੀਬ ਹੋਵੇ, ਪਰ ਅਹੰਗਤਾ ਵਾਲਾ ਠਾਠ ਬਾਠ ਪ੍ਰਵਾਨ ਨਹੀਂ ।

ਇਕ ਚਿੱਤ ਬਿਰਤੀ, ਗੁਰਮੁਖਾਂ ਦੀ ਸੰਗਤ, ਦਾਸਾ ਭਾਵ ਅਤੇ ਸਿਫ਼ਤ ਸਲਾਹ – ਇਹ ਜਿਉਂ ਜਿਉਂ ਵਧਦੇ ਹਨ, ਤਿਉਂ ਤਿਉਂ ਨਦਰ ਕਰਮ ਆਉਂਦੀ ਹੈ ।

ਨਦਰ ਸਿਧੀ ਨਹੀਂ ਆਉਂਦੀ, ਜਿਵੇਂ ਬਿਜਲੀ ਦਾ ਪ੍ਰਕਾਸ਼ ਸਿਧਾ ਨਹੀਂ ਆਉਂਦਾ । ਜਿਵੇਂ ਤਾਰਾਂ ਮਾਧਯਮ ਹਨ ਬਿਜਲੀ ਦੇ ਪ੍ਰਕਾਸ਼ ਦੀਆਂ ਤਿਵੇਂ ਇਕ ਚਿੱਤ ਬਿਰਤੀ, ਦਾਸਾ ਭਾਵ, ਗੁਰਮੁਖਾਂ ਦੀ ਸੰਗਤ ਅਤੇ ਸਿਫ਼ਤ ਸਲਾਹ ਮਾਧਯਮ ਹਨ ਗੁਰੂ ਅਕਾਲ ਪੁਰਖ ਦੀ ਨਦਰ ਕਰਮ ਦੇ, ਤੀਸਰੀ ਅੱਖ ਖੋਹਲਣ ਦੇ ।

ਜੋ ਫਲ ਚਾਹੁੰਦਾ ਹੈ, ਉਹ ਫੁਲ ਦੀ ਸੰਭਾਲ ਕਰਦਾ ਹੈ । ਇਸੀ ਤਰ੍ਹਾਂ ਜੋ ਨਦਰ ਕਰਮ ਚਾਹੁੰਦਾ ਹੈ, ਤੀਸਰੀ ਅੱਖ ਖੋਹਲਣੀ ਚਾਹੁੰਦਾ ਹੈ, ਉਹ ਅੰਮ੍ਰਿਤ ਵੇਲੇ ਦੀ ਸੰਭਾਲ ਕਰੇ – ਜੋ ਸਿਫ਼ਤ ਸਲਾਹ ਅਤੇ ਚਿੱਤ ਬਿਰਤੀਆਂ ਦੇ ਨਿਰੋਧ ਦਾ ਉਚਿਤ ਸਮਾਂ ਹੈ । ਇਹ ਹੈ ਮਾਰਗ ਜਿਸ ਨੂੰ ਅਪਣਾਨ ਦੀ ਲੋੜ ਹੈ ।

ਪਰਤਾਪੁ ਸਦਾ ਗੁਰ ਕਾ ਘਟਿ ਘਟਿ
ਪਰਗਾਸੁ ਭਯਾ ਜਸੁ ਜਨ ਕੈ ॥
ਇਕਿ ਪੜਹਿ ਸੁਣਹਿ ਗਾਵਹਿ
ਪਰਭਾਤਿਹਿ ਕਰਹਿ ਇਸ੍ਨਾਨੁ ॥
ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ
ਗੁਰ ਪੂਜਾ ਬਿਧਿ ਸਹਿਤ ਕਰੰ ॥
ਕੰਚਨੁ ਤਨੁ ਹੋਇ ਪਰਸਿ ਪਾਰਸ ਕਉ
ਜੋਤਿ ਸਰੂਪੀ ਧ੍ਯਾਨੁ ਧਰੰ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥
ਈਤ ਊਤ ਕੀ ਓਟ ਸਵਾਰੀ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹਰਿ ਧਨੁ ਰਤਨੁ ਜਵੇਹਰੁ ਮਾਣਕੁ
ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ
ਹਰਿ ਭਗਤੀ ਹਰਿ ਲਿਵ ਲਾਈ ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥
ਈਤ ਊਤ ਕੀ ਓਟ ਸਵਾਰੀ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰਭਾਤੇ ਪ੍ਰਭ ਨਾਮੁ ਜਪਿ
ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ
ਸਚੇ ਕੇ ਗੁਣ ਗਾਇ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਲੋਕ ਮਃ੩ ॥
ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ
ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ
ਗੁਰ ਕੈ ਸਬਦਿ ਵੀਚਾਰਿ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਉ ਪ੍ਰਭਾਤੈ ਸਬਦਿ ਧਿਆਈਐ
ਛੋਡਹੁ ਦੁਨੀ ਪਰੀਤਾ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫਰੀਦਾ ਪਿਛਲ ਰਾਤਿ ਨ ਜਾਗਿਓਹਿ
ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ
ਤ ਰਬਿ ਨ ਵਿਸਰਿਓਹਿ ॥੧੦੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਵਡੜੈ ਝਾਲਿ ਝਲੁੰਭਲੈ
ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ
ਭੰਨਣ ਘੜਣ ਸਮਰਥੁ ॥੬੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਗੁਰਮੁਖ ਮਾਰਗ ਦੀ ਵਿਚਾਰ ਭਾਈ ਗੁਰਦਾਸ ਜੀ ਦੀਆਂ ਚੋਣਵੇਂ ਵਾਰਾਂ ਵਿੱਚੋਂ ਲਏ ਗਏ ਹਨ ਤਾਂ ਕਿ ਪਾਠਕਾਂ ਨੂੰ ਇਸ ਮਜ਼ਮੂਨ ਬਾਰੇ ਵਧੇਰੇ ਸਪਸ਼ਟਤਾ ਅਤੇ ਚਾਨਣ ਮਿਲਣ ।

੧ ਮੁਬਾਰਿਕ ਹੈ ਇਹ ਮਾਰਗ ਅਤੇ ਇਸ ਦੀ ਸੂਝ ਸਾਧ ਸੰਗਤ ਪਾਸੋਂ ਮਿਲਦੀ ਹੈ ।

ਗੁਰਮੁਖਿ ਮਾਰਗ ਧੰਨੁ ਹੈ
ਸਾਧਸੰਗਤਿ ਮਿਲਿ ਸੰਗੁ ਚਲਾਇਆ।
ਧੰਨੁ ਧੰਨੁ ਸਤਿਗੁਰ ਚਰਣ
ਧੰਨੁ ਮਸਤਕੁ ਗੁਰ ਚਰਣੀ ਲਾਇਆ।

੨ ਇਹ ਕੋਈ ਭੇਖ ਜਾਂ ਜਮਾਤ ਨਹੀਂ ਅਤੇ ਨਾ ਹੀ ਭੇਖ ਵਿੱਚ ਪ੍ਰਭੂ ਮਿਲਦਾ ਹੈ ।

ਭੇਖੀ ਪ੍ਰਭੂ ਨ ਪਾਈਐ
ਆਪੁ ਗਵਾਏ ਰੂਪ ਨ ਰੇਖੈ।
ਗੁਰਮੁਖਿ ਵਰਨੁ ਅਵਰਨ ਹੋਇ
ਨਿਵ ਚਲਣਾ ਗੁਰ ਸਿਖਿ ਵਿਸੇਖੈ।

# ੩ ਇਹ ਹੈ ਸੇਵਾ, ਘਾਲ ਤੇ ਭਾਲ ।

ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।

ਗੁਰਮੁਖਿ ਪੰਥੁ ਅਗੰਮੁ ਹੈ
ਜਿਉ ਜਲ ਅੰਦਰਿ ਮੀਨੁ ਚਲੰਦਾ।
ਗੁਰਮੁਖਿ ਖੋਜੁ ਅਲਖੁ ਹੈ
ਜਿਉ ਪੰਖੀ ਆਗਾਸ ਉਡੰਦਾ।

੪ ਇਹ ਕਿਸੇ ਹੋਰ ਮਾਰਗ ਦੀ ਰੀਸ ਜਾਂ ਨਕਲ ਨਹੀਂ, ਇਸ ਦੀ ਆਪਣੀ ਵਿਲੱਖਣਤਾ ਹੈ ।

ਨਿਜ ਘਰਿ ਤਖਤੁ ਅਡੋਲੁ ਨ ਡੋਲੁ ਡੋਲਾਈਐ।
ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।

ਗੁਰਮੁਖਿ ਪੰਥ ਅਗੰਮੁ ਹੈ
ਗੁਰਮਤਿ ਨਿਹਚਲ ਚਲਣ ਭਾਣੈ।
ਵੇਦ ਕਤੇਬਹੁੰ ਬਾਹਰੀ
ਅਕਥ ਕਥਾ ਕਉਣ ਆਖਿ ਵਖਾਣੈ।

ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।
ਵੇਦ ਕਤੇਬਹੁ ਬਾਹਰਾ
ਅਨਹਦ ਸਬਦੁ ਅਗੰਮ ਅਲਾਪੈ।

੫ ਇਹ ਸੱਚ ਦਾ ਰਾਹ ਹੈ ਜੋ ਸਹਿਜ ਅਵਸਥਾ ਵਿੱਚ ਲੈ ਜਾਂਦਾ ਹੈ ।

ਗੁਰਮੁਖਿ ਸਚਾ ਪੰਥੁ ਹੈ
ਸਿਖੁ ਸਹਜ ਘਰਿ ਜਾਇ ਖਲੋਵੈ।
ਗੁਰਮੁਖਿ ਸਚੁ ਰਹਰਾਸਿ ਹੈ ਪੈਰੀਂ ਪੈ ਪਾਖਾਕੁ ਜੁ ਹੋਵੈ।

੬ ਇਹ ਸੱਚ ਦਾ ਰਾਜ਼ ਹੈ ਜੋ ਸਹਿਜ ਅਵਸਥਾ ਵਿੱਚ ਲੈ ਜਾਂਦਾ ਹੈ ।

ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ।
ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।

## ੭ ਸਹਜ-ਜੋਗ ਕਰਨਾ ਨਿਯਮਬੱਧ ਹੋਣਾ ਹੈ ।

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।
ਆਸਾ ਵਿਚ ਨਿਰਾਸੁ ਨਿਰਾਸੁ ਵਲਾਇਆ।
ਥੋੜਾ ਪਾਣੀ ਅੰਨੁ ਖਾਇ ਪੀਆਇਆ।
ਥੋੜਾ ਬੋਲਣ ਬੋਲ ਨ ਝਖਿ ਝਖਾਇਆ।
ਥੋੜੀ ਰਾਤੀ ਨੀਦ ਨ ਮੋਹਿ ਫਹਾਇਆ।
ਸੁਹਣੇ ਅੰਦਰਿ ਜਾਇ ਨ ਲੋਭ ਲੁਭਾਇਆ ॥੧੫॥

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।

੮ ਇਸ ਜੋਗ ਵਿੱਚ ਘਰ ਘਾਟ ਛੱਡਣ ਦੀ ਲੋੜ ਨਹੀਂ,
ਦ੍ਰਿਸ਼ਟੀ ਬਦਲਣ ਦੀ ਲੋੜ ਹੈ ।

ਘਰ ਹੀ ਅੰਦਰਿ ਜੋਗੁ
ਗੁਰਮੁਖਿ ਪਾਇਆ।
ਹੋਵਣਹਾਰ ਸੁ ਹੋਗੁ ਗੁਰ ਸਮਝਾਇਆ ॥੮॥

ਕਰਿ ਚਰਣੋਦਕੁ ਆਚਮਨ
ਆਧਿ ਬਿਆਧਿ ਉਪਾਧਿ ਖਲਾਸੀ।
ਗੁਰਮਤਿ ਆਪੁ ਗਵਾਇਆ
ਮਾਇਆ ਅੰਦਰਿ ਕਰਨਿ ਉਦਾਸੀ।

ਪੈਰੀ ਪੈ ਪਾਖਾਕ ਹੋਇ ਗੁਰਮੁਖਿ ਰਹਿਰਾਸੀ ।
ਮਾਇਆ ਵਿਚਿ ਉਦਾਸੁ ਗਤਿ ਹੋਇ ਆਸ ਨਿਰਾਸੀ ॥੯॥

੯ ਇਸ ਵਿੱਚ ਸੁਰਤ ਨੂੰ ਸ਼ਬਦ ਵਿੱਚ ਲਿਵ ਲੀਣ ਕਰਨਾ ਤੇ ਸਿਮਰਨ ਕਰਨਾ ਸਾਧਨ ਪਖ ਹਨ ।

ਸਬਦਿ ਸੁਰਤਿ ਲਿਵਲੀਣੁ ਹੋਇ
ਦਰਗਹ ਮਾਣ ਨਿਮਾਣਾ ਪਾਏ।
ਚਲਣੁ ਜਾਣਿ ਅਜਾਣੁ ਹੋਇ
ਆਸਾ ਵਿਚਿ ਨਿਰਾਸ ਵਲਾਏ।
ਗੁਰਮੁਖਿ ਸੁਖ ਫਲੁ ਅਲਖੁ ਲਖਾਏ ॥੨੪॥੮॥

ਸਬਦ ਸੁਰਤਿ ਲਿਵਲੀਣੁ ਹੋਇ
ਨਿਰੰਕਾਰ ਸਚਖੰਡਿ ਨਿਵਾਸੀ।
ਅਬਿਗਤਿ ਗਤਿ ਅਗਾਧਿ ਬੋਧਿ
ਅਕਥ ਕਥਾ ਅਚਰਜ ਗੁਰਦਾਸੀ।
ਗੁਰਮੁਖਿ ਸੁਖ ਫਲੁ ਆਸ ਨਿਰਾਸੀ ॥੧੮॥

ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ।
ਮਾਇਆ ਵਿਚਿ ਉਦਾਸੁ ਗਰਬੁ ਨਿਵਾਇਆ।

ਗੁਰਮੁਖਿ ਦਾਸਨਿ ਦਾਸ ਮਤ ਪਰਵੇਸਿਆ।
ਸਿਮਰਣ ਸਾਸ ਗਿਰਾਸ ਦੇਸ ਵਿਦੇਸਿਆ ॥੭॥

੧੦ ਜਪਨ ਲਈ "ਵਾਹਿਗੁਰੂ" ਗੁਰ ਮੰਤ੍ਰ ਅਤੇ ਮੂਲ ਮੰਤ੍ਰ ਹਨ ।

ਸਬਦ ਸੁਰਤਿ ਕਰ ਕੀਰਤਨੁ ਸਤਿਸੰਗਿ ਵਿਲੋਈ।
ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।

ਸਤਿਗੁਰ ਸਤਿ ਸਰੂਪ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।
ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ।

## ੧੧ ਹਉਮੈ ਤੋਂ ਉਪਰ, ਮਸਤ ਤੇ ਹੁਸ਼ਿਆਰ ਅਤੇ ਭਾਣੇ ਵਿੱਚ ਸ਼ਾਕਰ, ਇਹ ਰਹਿਣੀ ਹੈ ।

ਗੁਰਮੁਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।
ਹੁਕਮਿ ਰਜਾਈ ਚਲਣਾ ਗੁਰ ਸਬਦ ਵੀਚਾਰੀ।
ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।
ਇਸਕ ਮੁਸਕ ਮਹਕਾਰ ਹੈ ਹੁਇ ਪਰਉਪਕਾਰੀ।
ਸਿਦਕ ਸਬੂਰੀ ਸਾਬਤੇ ਮਸਤੀ ਹੁਸੀਆਰੀ।
ਗੁਰਮੁਖਿ ਆਪੁ ਗਵਾਇਆ ਜਿਣਿ ਹਉਮੈ ਮਾਰੀ ॥੩॥

ਸਬਦ ਸੁਰਤਿ ਲਿਵਲੀਣੁ ਹੋਇ
ਸਾਧਸੰਗਤਿ ਸਚਿ ਮੇਲਿ ਮਿਲਾਇਆ।
ਹੁਕਮ ਰਜਾਈ ਚਲਣਾ
ਆਪੁ ਗਵਾਇ ਨ ਆਪੁ ਜਣਾਇਆ।

ਸਚੀ ਖਸਮ ਰਜਾਇ ਭਾਣਾ ਭਾਵਣਾ।
ਸਤਿਗੁਰ ਪੈਰੀ ਪਾਇ ਆਪੁ ਗਵਾਵਣਾ।

੧੨ ਐਸੀ ਰਹਿਣੀ ਅੰਦਰ ਅਡੋਲਤਾ, ਨਿਰਲੇਪਤਾ, ਵਿਸਮਾਦ ਅਤੇ ਹੁਕਮ ਵਿੱਚ ਪਰਵੇਸ਼ਤਾ ਦੇਂਦੀ ਹੈ ਅਤੇ ਐਸਾ ਮਨੁੱਖ ਜ਼ਮਾਨਾ ਹਾਲ ਵਿੱਚ ਵਿਚਾਰਦਾ ਹੈ, ਆਮ ਲੋਕਾਂ ਵਾਂਗ ਭੂਤ ਜਾਂ ਭਵਿਖ ਵਿੱਚ ਨਹੀਂ ।

ਚਲਣੁ ਹੁਕਮੁ ਰਜਾਇ ਗੁਰਮੁਖਿ ਜਾਣਿਆ।
ਗੁਰਮੁਖਿ ਪੰਥਿ ਚਲਾਇ ਚਲਣੁ ਭਾਣਿਆ।
ਸਿਦਕ ਸਬੂਰੀ ਪਾਇ ਕਰਿ ਸੁਕਰਾਣਿਆ।
ਗੁਰਮੁਖਿ ਅਲਖੁ ਲਖਾਇ ਚੋਜ ਵਿਡਾਣਿਆ।

ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
ਕਾਰਣੁ ਕਰਤਾ ਜੋ ਕਰੈ
ਸਿਰਿ ਧਰਿ ਮੰਨਿ ਕਰੈ ਸੁਕਰਾਣਾ।
ਰਾਜੀ ਹੋਇ ਰਜਾਇ ਵਿਚਿ
ਦੁਨੀਆਂ ਅੰਦਰਿ ਜਿਉ ਮਿਹਮਾਣਾ।
ਵਿਸਮਾਦੀ ਵਿਸਮਾਦ ਵਿਚਿ
ਕੁਦਰਤਿ ਕਾਦਰ ਨੋ ਕੁਰਬਾਣਾ।
ਲੇਪ ਅਲੇਪ ਸਦਾ ਨਿਰਬਾਣਾ ॥੨੧॥

## ੧੩ ਨਿਰਮਲਤਾ, ਨਿਮਰਤਾ ਅਤੇ ਮਿਠਾਸ ਨਾਲ ਅੰਦਰ ਭਰਪੂਰ ਹੋ ਜਾਂਦਾ ਹੈ ।

ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ।
ਗੁਰਮੁਖਿ ਅਖੀ ਦੇਖਣਾ ਬ੍ਰਹਮ ਧਿਆਨ ਧਰੈ ਆਪੁ ਆਪੈ।
ਗੁਰਮੁਖਿ ਸੁਨਣਾ ਸੁਰਤਿ ਕਰਿ
ਪੰਚ ਸਬਦੁ ਗੁਰ ਸਬਦਿ ਅਲਾਪੈ।
ਗੁਰਮੁਖਿ ਕਿਰਤਿ ਕਮਾਵਣੀ
ਨਮਸਕਾਰੁ ਡੰਡਉਤਿ ਸਿਵਾਪੈ।
ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ।
ਗੁਰਮੁਖਿ ਦਰਗਹ ਮਾਣੁ ਹੋਇ ਨਿਮਾਣਿਆ ॥੧੩॥

ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾ ਖਾਕ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
ਗੁਰਮੁਖਿ ਮਾਰਗਿ ਚਲਣਾ ਇਕਤੁ ਖੜੁ ਸਹੰਸ ਸਮਾਏ।

ਗੁਰ ਉਪਦੇਸੁ ਕਮਾਵਣਾ
ਗੁਰਮੁਖਿ ਨਾਮੁ ਦਾਨੁ ਇਸਨਾਨਾ।
ਮਿਠਾ ਬੋਲਣੁ ਨਿਵਿ ਚਲਣੁ
ਹਥਹੁ ਦੇਣ ਭਗਤਿ ਗੁਰਗਿਆਨਾ।

ਮਿਠਾ ਬੋਲਣੁ ਨਿਵਿ ਚਲਣੁ
ਹਥਹੁ ਦੇ ਕਰਿ ਪਤਿਤ ਪਵਿਤਾ।
ਗੁਰਮੁਖਿ ਸੁਖ ਫਲੁ ਪਾਇਆ
ਅਤੁਲੁ ਅਡੋਲ ਅਮੋਲ ਅਮਿਤਾ।

ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ।
ਗੁਰਮੁਖਿ ਦਰਗਹ ਮਾਣੁ ਹੋਇ ਨਿਮਾਣਿਆ ॥੧੩॥

੧੪ ਨਾਲੇ, ਨਿਜ ਘਰ ਜਾਂ ਸਹਜ ਅਵਸਥਾ ਵਿੱਚ ਵਾਸਾ ਮਿਲਦਾ ਹੈ:

ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸਬਦ ਸੁਰਤਿ ਲਿਵਲਾਇ ਹੁਕਮੁ ਕਮਾਇਆ।
ਸਾਧਸੰਗਤਿ ਭੈ ਭਾਇ ਨਿਜ ਘਰਿ ਪਾਇਆ।

ਇੜਾ ਪਿੰਗੁਲਾ ਸੁਖਮਨਾ
ਤ੍ਰਿਕੁਟੀ ਲੰਘਿ ਤ੍ਰਿਬੇਣੀ ਨ੍ਹਾਏ।
ਗੁਰਮੁਖਿ ਇਕੁ ਮਨ ਇਕ ਧਿਆਏ ॥੩॥

ਗੁਰਮੁਖਿ ਸੁਖ ਫਲ ਸਹਜ ਘਰੁ
ਆਪੁ ਗਵਾਇ ਨ ਆਪੁ ਗਣਾਈ।
ਜਾਗ੍ਰਤ ਸੁਪਨ ਸੁਖੋਪਤੀ
ਉਨਮਨਿ ਮਗਨ ਰਹੈ ਲਿਵਲਾਈ।

ਵੀਹ ਇਕੀਹ ਲੰਘਾਇ ਨਿਜ ਘਰਿ ਜਾਵਣਾ।
ਗੁਰਮੁਖਿ ਸੁਖ ਫਲ ਪਾਇ ਸਹਜਿ ਸਮਾਵਣਾ ॥੧੧॥

ਸਬਦ ਸੁਰਤਿ ਲਿਵ ਸਾਵਧਾਨ
ਗੁਰਮੁਖਿ ਪੰਥ ਚਲੈ ਪਗੁ ਧਾਰੇ।
ਲੋਕ ਵੇਦ ਗੁਰੁ ਗਿਆਨ ਮਤਿ
ਭਾਇ ਭਗਤਿ ਗੁਰੁ ਸਿਖ ਪਿਆਰੇ।
ਨਿਜ ਘਰਿ ਜਾਇ ਵਸੈ ਗੁਰਦੁਆਰੇ ॥੨੭॥

ਸਬਦ ਸੁਰਤਿ ਲਿਵਲਾਇ ਅਨਹਦ ਵਾਇਆ।
ਨਿਜ ਘਰਿ ਨਿਹਚਲ ਜਾਇ
ਨ ਦਹਦਿਸਿ ਧਾਇਆ ॥੨੧॥੧੯॥

## ੧੫ ਫੇਰ ਮਨੁਖ ਦੇਹ ਦੀ ਕਦਰ ਜਾਗਦੀ ਹੈ ਅਤੇ ਮਨ ਦਾ ਧਾਉਣਾ ਸਮਾਪਤ ਹੁੰਦਾ ਹੈ ।

ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।
ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।

ਗੁਰਮੁਖਿ ਦੁਰਲਭ ਦੇਹ ਅਉਸਰੁ ਜਾਣਦੇ।
ਸਾਧਸੰਗਤਿ ਅਸਨੇਹ ਸਭ ਰੰਗ ਮਾਣਦੇ।
ਸਬਦ ਸੁਰਤਿ ਲਿਵਲੇਹ ਆਖਿ ਵਖਾਣਦੇ।
ਦੇਹੀ ਵਿਚਿ ਬਿਦੇਹ ਸਚੁ ਸਿਵਾਣਦੇ।
ਦੁਬਿਧਾ ਓਹੁ ਨ ਏਹੁ ਇਕੁ ਪਛਾਣਦੇ।
ਚਾਰਿ ਦਿਹਾੜੇ ਥੇਹੁ ਮਨ ਵਿਚਿ ਆਣਦੇ ॥੧੧॥

ਗੁਰਮੁਖਿ ਮੰਤ ਸਮ੍ਹਾਲਿ ਜਾਪੁ ਜਪਾਇਆ।
ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ।

ਗੁਰਮੁਖਿ ਨਿਹਚਲ ਮਤਿ ਹੈ ਦੂਜੇ ਭਾਇ ਲੁਭਾਇ ਨ ਪਚੈ।
ਗੁਰਮੁਖਿ ਸਬਦੁ ਕਮਾਵਣਾ ਪੈਰੀ ਪੈ ਰਹਰਾਸਿ ਨ ਹਚੈ।

ਗੁਰਮੁਖ ਸੁਖ ਫਲ ਸਹਜਿ ਘਰ
ਵਰਤਮਾਨ ਅੰਦਰਿ ਵਰਤੰਦਾ।

ਪਰ ਤਨ ਪਰ ਧਨ ਪਰ ਨਿੰਦ ਮੇਟਿ
ਨਾਮੁ ਦਾਨੁ ਇਸਨਾਨੁ ਦਿੜਾਇਆ।
ਗੁਰਮਤਿ ਮਨੁ ਸਮਝਾਇਕੈ
ਬਾਹਰਿ ਜਾਂਦਾ ਵਰਜਿ ਰਹਾਇਆ।

੧੬ ਨਾਲੇ, ਅੰਦਰ ਗੁਰੂ ਸਾਹਿਬ ਜੀ ਦੀ ਹਜ਼ੂਰੀ ਜਾਗਦੀ ਹੈ ਅਤੇ ਇਕ ਚਿੱਤ ਅਕਾਲ ਪੁਰਖ ਦੀ ਅਰਾਧਣਾ ।

ਗੁਰ ਚੇਲਾ ਚੇਲਾ ਗੁਰੂ
ਗੁਰੁ ਸਿਖ ਸੁਣਿ ਗੁਰਸਿਖੁ ਸਦਾਵੈ।
ਇਕ ਮਨਿ ਇਕੁ ਅਰਾਧਣਾ
ਬਾਹਰਿ ਜਾਂਦਾ ਵਰਜਿ ਰਹਾਵੈ।

ਗੁਰਮੁਖਿ ਸੁਖ ਫਲੁ ਸਾਧਸੰਗੁ ਪਰਮਹੰਸ ਗੁਰ ਸਿਖ ਸੋਹੰਦੇ।
ਇਕ ਮਨਿ ਇਕੁ ਧਿਆਇਦੇ ਦੂਜੇ ਭਾਇ ਨ ਜਾਇ ਫਿਰੰਦੇ।

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
ਗੁਰਮੁਖਿ ਸਬਦ ਗਿਆਨੁ ਨੇੜਿ ਨ ਦੂਰ ਹੈ।

ਹਉਮੈ ਅੰਦਰਿ ਸਭ ਕੋ ਗੁਰਮੁਖਿ ਸਾਧਸੰਗਤਿ ਰਸ ਕੇਲੇ।
ਇਕ ਮਨ ਇਕੁ ਅਰਾਧਣਾ
ਗੁਰਮਤਿ ਆਪੁ ਗਵਾਇ ਸੁਹੇਲੇ।

ਇਕ ਮਨਿ ਇਕੁ ਅਰਾਧਣਾ
ਦੁਬਿਧਾ ਦੂਜਾ ਭਾਉ ਮਿਟਾਇਆ।
ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ ॥੪॥

ਗੁਰਮੁਖਿ ਸਚੁ ਆਧਾਰ ਸਚਿ ਸਮਾਇਆ।
ਗੁਰਮੁਖਾ ਲੋਕਾਰ ਲੇਪੁ ਨ ਲਾਇਆ।
ਗੁਰਮੁਖਿ ਏਕੰਕਾਰ ਅਲਖੁ ਲਖਾਇਆ ॥੨੦॥

ਗੁਰਮੁਖਿ ਦਰਸਨੁ ਸਾਧਸੰਗੁ
ਗੁਰਮੁਖਿ ਮਾਰਗਿ ਦੁਬਿਧਾ ਖੋਈ।
ਇਕ ਮਨਿ ਇਕ ਅਰਾਧਨਿ ਓਈ ॥੯॥

ਗੁਰੁ ਪਰਮੇਸਰੁ ਇਕੁ ਜਾਣਿ
ਗੁਰਮੁਖਿ ਦੂਜਾ ਭਾਉ ਮਿਟਾਇਆ।
ਹਉਮੈ ਪਾਲਿ ਢਹਾਇਕੈ
ਤਾਲ ਨਦੀ ਦਾ ਨੀਰੁ ਮਿਲਾਇਆ।

ਗੁਰਮੁਖਿ ਇਕੁ ਅਰਾਧਣਾ
ਇਕੁ ਮਨ ਹੋਇ ਨ ਹੋਇ ਦੁਚਿਤਾ।
ਗੁਰਮੁਖਿ ਆਪੁ ਗਵਾਇਆ
ਜੀਵਨੁ ਮੁਕਤਿ ਨ ਤਾਮਸ ਪਿਤਾ।

## ੧੭ ਹੋਰ, ਅੰਦਰ ਜੋਤਿ ਪ੍ਰਕਾਸ਼ ਦੇਂਦੀ ਹੈ ।

ਗੁਰਮੁਖਿ ਸਸੀਅਰ ਜੋਤਿ ਅੰਮ੍ਰਿਤ ਵਰਸਣਾ।
ਅਸਟ ਧਾਤੁ ਇਕ ਧਾਤੁ ਪਾਰਸੁ ਪਰਸਣਾ।

ਸਾਧਸੰਗਤਿ ਸਚਖੰਡ ਗੁਰਮੁਖਿ ਜਾਈਐ।
ਸਚੁ ਨਾਉ ਬਲਵੰਡੁ ਗੁਰਮੁਖਿ ਧਿਆਈਐ।
ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ।
ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ।

ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ।
ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ ॥੧੯॥

ਸਤ ਸਮੁੰਦ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ।
ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ।

## ੧੮ ਅੰਤ ਦਰਗਾਹ ਵਿੱਚ ਪਰਵਾਨਗੀ ਅਤੇ ਸੁਰਖਰੂਈ ਹੁੰਦੀ ਹੈ ।

ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ।
ਗੁਰਮੁਖਿ ਪਾਰਿ ਲੰਘਾਇਦਾ
ਮਨਮੁਖ ਭਵਜਲ ਵਿਚਿ ਡੁਬੰਦੇ।
ਗੁਰਮੁਖਿ ਜੀਵਨ ਮੁਕਤਿ ਕਰਿ
ਮਨਮੁਖ ਫਿਰਿ ਫਿਰਿ ਜਨਮ ਮਰੰਦੇ।
ਗੁਰਮੁਖਿ ਸੁਖ ਫਲੁ ਪਾਇਦੇ
ਮਨਮੁਖ ਦੁਖ ਫਲੁ ਦੁਖ ਲਹੰਦੇ।
ਗੁਰਮੁਖਿ ਦਰਗਹ ਸੁਰਖਰੂ
ਮਨਮੁਖਿ ਜਮਪੁਰਿ ਡੰਡ ਸਹੰਦੇ।
ਗੁਰਮੁਖਿ ਆਪੁ ਗਵਾਇਆ
ਮਨਮੁਖ ਹਉਮੈ ਅਗਨਿ ਜਲੰਦੇ।
ਬੰਦੀ ਅੰਦਰਿ ਵਿਰਲੇ ਬੰਦੇ ॥੧੫॥

ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।
ਗਿਆਨ ਮਤੀ ਘਟਿ ਚਾਨਣਾ
ਭਰਮ ਅਗਿਆਨੁ ਅੰਧੇਰੁ ਮਿਟਾਵੈ।
ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।
ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ।

## ੧੯ ਇਹ ਅਮੋਲਕ ਮਾਰਗ ਹੈ ਜਿਸ ਤੇ ਚਲਣ ਨਾਲ ਜਨਮ ਸਫਲ ਹੋ ਜਾਂਦਾ ਹੈ ।

ਗੁਰਮੁਖਿ ਮਾਰਗੁ ਚਲਿਆ
ਸਚੁ ਵਣਜੁ ਕਰਿ ਪਾਰਿ ਉਤਾਰਾ।
ਕੀਮਤਿ ਕੋਇ ਨ ਜਾਣਈ
ਆਖਣਿ ਸੁਣਨਿ ਨ ਲਿਖਣਿਹਾਰਾ।

ਗੁਰਮੁਖਿ ਪੈਰ ਸਕਾਰਥੇ
ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੈ ਜਾਨਿ ਚਲਿ
ਸਾਧਸੰਗਤਿ ਚਲਿ ਜਾਇ ਬਹੰਦੇ।

ਗੁਰਮੁਖਿ ਹਥਿ ਸਕਥ ਹਨਿ
ਸਾਧਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਂਮਤੁ ਪਾਵੈ।

ਗੁਰਮੁਖਿ ਜਨਮੁ ਸਕਾਰਥਾ
ਪਰਉਪਕਾਰੀ ਸਹਜਿ ਸੁਭਾਈ।
ਮਿਤ੍ਰ ਨ ਸਤ੍ਰ ਨ ਮੋਹੁ ਧ੍ਰੋਹ
ਸਮਦਰਸੀ ਗੁਰ ਸਬਦ ਸਮਾਈ।

ਗੁਰਮੁਖਿ ਜਨਮ ਸਕਾਰਥਾ
ਸਾਧਸੰਗਤਿ ਵਸਿ ਆਪੁ ਗਵਾਇਆ।
ਜੰਮਣ ਮਰਣਹੁ ਬਾਹਰੇ
ਜੀਵਨ ਮੁਕਤਿ ਜੁਗਤਿ ਵਰਤਾਇਆ।

ਗੁਰਮੁਖਿ ਸਫਲ ਜਨੰਮੁ ਜਗ ਵਿਚਿ ਆਇਆ।
ਗੁਰਮਤਿ ਪੂਰ ਕਰੰਮ ਆਪੁ ਗਵਾਇਆ।

੨੦ ਪ੍ਰਤੂੰ, ਜਨਮ ਸਫਲਤਾ ਗੱਲਾਂ ਦਾ ਮਾਰਗ ਨਹੀਂ, ਕਮਾਈ ਦਾ ਮਾਰਗ ਹੈ ।

ਮਾਰਗ ਵਿੱਚ ਮਿੱਠੀ ਕਰੜਾਈ ਭੀ ਹੈ ।

ਗੁਰਮੁਖਿ ਮਾਰਗਿ ਚਲਣਾ
ਖੰਡੇ ਧਾਰ ਕਾਰ ਨਿਬਹੰਦਾ।
ਗੁਰ ਸਿਖਿ ਲੈ ਗੁਰਸਿਖੁ ਚਲੰਦਾ ॥੨੧॥

ਗੁਰਮੁਖਿ ਮਾਰਗਿ ਪੈਰੁ ਧਰਿ
ਦਹਿਦਿਸਿ ਬਾਰਹ ਵਾਟ ਨ ਧਾਇਆ।
ਗੁਰਮੂਰਤਿ ਗੁਰ ਧਿਆਨੁ ਧਰਿ
ਘਟਿ ਘਟਿ ਪੂਰਨ ਬ੍ਰਹਮੁ ਦਿਖਾਇਆ।
ਸਬਦ ਸੁਰਤਿ ਉਪਦੇਸੁ ਲਿਵ
ਪਾਰਬ੍ਰਹਮ ਗੁਰ ਗਿਆਨੁ ਜਣਾਇਆ।
ਸਿਲਾ ਅਲੂਣੀ ਚਟਣੀ
ਚਰਣ ਕਵਲ ਚਰਣੋਦਕੁ ਪਿਆਇਆ।
ਗੁਰਮਤਿ ਨਿਹਚਲੁ ਚਿਤ ਕਰਿ
ਸੁਖ ਸੰਪਟ ਵਿਚਿ ਨਿਜ ਘਰੁ ਛਾਇਆ।
ਪਰ ਤਨ ਪਰ ਧਨ ਪਰਹਰੇ
ਪਾਰਸ ਪਰਸਿ ਅਪਰਸੁ ਰਹਾਇਆ।
ਸਾਧਿ ਅਸਾਧਿ ਸਾਧ ਸੰਗਿ ਆਇਆ ॥੨॥

ਵਾਲਹੁ ਨਿਕੀ ਆਖੀਐ
ਖੰਡੇ ਧਾਰਹੁ ਸੁਣੀਐ ਤਿਖੀ।
ਆਖਣਿ ਆਖਿ ਨ ਸਕੀਐ
ਲੇਖ ਅਲੇਖ ਨ ਜਾਈ ਲਿਖੀ।
ਗੁਰਮੁਖਿ ਪੰਥੁ ਵਖਾਣੀਐ
ਅਪੜਿ ਨ ਸਕੈ ਇਕਤੁ ਵਿਖੀ।
ਸਿਲ ਆਲੂਣੀ ਚਟਣੀ
ਤੁਲਿ ਨ ਲਖ ਅਮਿਅ ਰਸ ਇਖੀ।
ਗੁਰਮੁਖਿ ਸੁਖ ਫਲੁ ਪਾਇਆ
ਭਾਇ ਭਗਤਿ ਵਿਰਲੀ ਜੁ ਬਿਰਖੀ।
ਸਤਿਗੁਰ ਤੁਠੈ ਪਾਈਐ
ਸਾਧਸੰਗਤਿ ਗੁਰਮਤਿ ਗੁਰਸਿਖੀ।
ਚਾਰਿ ਪਦਾਰਥ ਭਿਖਕ ਭਿਖੀ ॥੧॥

੨੧ ਮੁਬਾਰਿਕ ਹਨ ਉਹ ਜਿਨ੍ਹਾਂ ਇਸ ਮਾਰਗ ਨੂੰ ਅਪਣਾਇਆ ਅਤੇ ਸਹਜ ਪਦ ਪਾਇਆ; ਕੁਰਬਾਣ ਜਾਈਐ ਉਹਨਾਂ ਤੋਂ ।

ਹਉ ਤਿਸੁ ਘੋਲਿ ਘੁਮਾਇਆ
ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ
ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ
ਸਤਿਗੁਰ ਦਾ ਉਪਦੇਸ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ
ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ ॥੪॥

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥